ਡਿਜੀਟਲ ਦੋਮਾਹੀ ਪੱਤਰ ਅੰਕ : 1, ਨੰ: 4 (ਜਨਵਰੀ - ਫਰਵਰੀ, 2021)

www.gadvasu.in



# ਪਸ਼ੂ ਪਾਲਣ ਸੁਨੇਹੇ

## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

Vol 1, No 4, (January-February, 2021) 'PASHU PALAN SUNEHE' ਅੰਕ 1, ਨੰ 4 (ਜਨਵਰੀ - ਫਰਵਰੀ, 2021)

**ਸੰਪਾਦਕੀ ਬੋਰਡ**

ਚੇਅਰਮੈਨ :

ਡਾ. ਪ੍ਰਕਾਸ਼ ਸਿੰਘ ਬਰਾੜ

ਨਿਰਦੇਸ਼ਕ ਪਸਾਰ ਸਿੱਖਿਆ

ਮੈਂਬਰ :

ਡਾ. ਸੁਰੇਸ਼ ਕੁਮਾਰ ਕਾਂਸ਼ਲ

ਡਾ. ਮੀਰਾ ਡੀ ਆਂਸਲ

ਡਾ. ਪ੍ਰਲਾਦ ਸਿੰਘ ਤਨਵਰ

ਡਾ. ਐੱਸ ਸ਼ਿਵਾ ਕੁਮਾਰ

ਸੰਪਾਦਕ :

ਡਾ. ਰਾਕੇਸ਼ ਕੁਮਾਰ ਸ਼ਰਮਾ

ਡਾ. ਜਸਵਿੰਦਰ ਸਿੰਘ

ਡਾ. ਹਰਪ੍ਰੀਤ ਸਿੰਘ

ਸੰਪਰਕ :

ਨਿਰਦੇਸ਼ਾਲਾ ਪਸਾਰ ਸਿੱਖਿਆ

ਗੁਰੂ ਅੰਗਦ ਦੇਵ ਵੈਟਨਰੀ ਅਤੇ

ਐਨੀਮਲ ਸਾਇੰਸਜ਼, ਯੂਨੀਵਰਸਿਟੀ

ਲੁਧਿਆਣਾ

0161-2553364

deegadvasuldh@gmail.com

Visit & Subscribe -

youTube channel :

gadvasu farmer friendly e-extension

## ਵੈਟਨਰੀ ਯੂਨੀਵਰਸਿਟੀ ਦੀ ਕੋਵਿਡ ਜਾਂਚ ਪ੍ਰਯੋਗਸ਼ਾਲਾ ਵਿਖੇ ਹੋਏ ਇਕ ਲੱਖ ਤੋਂ ਵਧੇਰੇ ਜਾਂਚ ਟੈਸਟ



ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਨੇ ਕੋਰੋਨਾ ਮਹਾਂਮਾਰੀ ਖਿਲਾਫ਼ ਆਪਣਾ ਅਹਿਮ ਯੋਗਦਾਨ ਪਾਉਂਦਿਆਂ ਕੋਵਿਡ ਜਾਂਚ ਪ੍ਰਯੋਗਸ਼ਾਲਾ ਵਿਚ ਇਕ ਲੱਖ ਤੋਂ ਵਧੇਰੇ ਨਮੂਨਿਆਂ ਦੀ ਜਾਂਚ ਕਰ ਲਈ ਹੈ।10 ਅਗਸਤ 2020 ਨੂੰ ਸ਼ੁਰੂ ਕੀਤੀ ਗਈ ਇਹ ਪ੍ਰਯੋਗਸ਼ਾਲਾ ਸਵੇਰੇ 6 ਵਜੇ ਤੋਂ ਰਾਤ 11 ਵਜੇ ਤਕ ਕਾਰਜ ਕਰ ਰਹੀ ਹੈ।ਇਹ ਜਾਣਕਾਰੀ ਡਾ. ਜਤਿੰਦਰਪਾਲ ਸਿੰਘ ਗਿੱਲ, ਨਿਰਦੇਸ਼ਕ ਖੋਜ ਅਤੇ ਕੋਵਿਡ ਪ੍ਰਯੋਗਸ਼ਾਲਾ ਦੇ ਸਿਰਮੌਰ ਅਧਿਕਾਰੀ ਨੇ ਸਾਂਝੀ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਕੋਰੋਨਾ ਯੋਧੇ ਤਿੰਨ ਸ਼ਿਫ਼ਟਾਂ ਵਿਚ ਲਗਾਤਾਰ ਕਾਰਜਸ਼ੀਲ ਹਨ ਅਤੇ ਇਸ ਸੰਕਟ ਦੀ ਘੜੀ ਵਿਚ ਬਹੁਤ ਸਿਰੜ ਨਾਲ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜ਼ਿਆਦਾ ਸੰਕਟ ਵਾਲੇ ਦਿਨਾਂ ਵਿਚ ਅਸੀਂ ਇਕ ਦਿਨ ਵਿਚ 1500 ਤੋਂ ਵਧੇਰੇ ਨਮੂਨਿਆਂ ਦੀ ਵੀ ਜਾਂਚ ਕੀਤੀ ਹੈ। ਇਕ ਲੱਖ ਤੋਂ ਵਧੇਰੇ ਨਮੂਨਿਆਂ ਦੀ ਜਾਂਚ ਕਰਨ ਸੰਬੰਧੀ ਸ਼ਲਾਘਾ ਕਰਦਿਆਂ ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ ਨੇ ਸਾਰੀ ਕੋਵਿਡ ਪ੍ਰਯੋਗਸ਼ਾਲਾ ਟੀਮ ਨੂੰ ਸ਼ਾਬਾਸ਼ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਦੇ ਪਾਏ ਯੋਗਦਾਨ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।ਉਨ੍ਹਾਂ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ ਦੀ ਅਗਵਾਈ ਵਿਚ ਚਲਾਏ ਜਾ ਰਹੇ 'ਮਿਸ਼ਨ ਫਤਹਿ' ਤਹਿਤ ਆਰੰਭ ਕੀਤੀ ਗਈ ਇਸ ਪ੍ਰਯੋਗਸ਼ਾਲਾ ਲਈ ਉਨ੍ਹਾਂ ਦਾ ਆਭਾਰ ਵੀ ਪ੍ਰਗਟ ਕੀਤਾ ਕਿ ਉਨ੍ਹਾਂ ਨੇ ਯੂਨੀਵਰਸਿਟੀ 'ਤੇ ਇਹ ਭਰੋਸਾ ਪ੍ਰਗਟਾਇਆ ਸੀ।ਉਨ੍ਹਾਂ ਕਿਹਾ ਕਿ ਸ਼੍ਰੀ ਵਰਿੰਦਰ ਕੁਮਾਰ, ਆਈ ਏ ਐਸ, ਡਿਪਟੀ ਕਮਿਸ਼ਨਰ, ਲੁਧਿਆਣਾ ਅਤੇ ਡਾ. ਆਰ ਕੇ ਬੱਗਾ, ਸਾਬਕਾ ਸਿਵਲ ਸਰਜਨ, ਲੁਧਿਆਣਾ ਨੇ ਵੀ ਸਾਨੂੰ ਸੰਪੂਰਨ ਸਹਿਯੋਗ ਦਿੱਤਾ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਵਿਚ ਸਥਾਪਿਤ ਕੀਤੀਆਂ ਚਾਰ ਕੋਵਿਡ ਪ੍ਰਯੋਗਸ਼ਾਲਾਵਾਂ ਵਿਚ ਸਭ ਤੋਂ ਵੱਧ ਟੈਸਟ ਯੂਨੀਵਰਸਿਟੀ ਦੀ ਪ੍ਰਯੋਗਸ਼ਾਲਾ ਨੇ ਹੀ ਕੀਤੇ ਹਨ।ਡਾ. ਸਿੰਘ ਨੇ ਕਿਹਾ ਕਿ ਪੰਜਾਬ ਤੇ ਭਾਰਤ ਸਰਕਾਰ ਬੜੇ ਵਿਉਂਤਬੱਧ ਢੰਗ ਨਾਲ ਇਸ ਮਹਾਂਮਾਰੀ ਖਿਲਾਫ ਜੰਗ ਲੜ ਰਹੀ ਹੈ।ਇਸੇ ਦਾ ਨਤੀਜਾ ਹੈ ਕਿ ਕੇਸਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ।ਪਰ ਉਨ੍ਹਾਂ ਨਾਲ ਇਹ ਵੀ ਸੁਚੇਤ ਕੀਤਾ ਕਿ ਸਾਨੂੰ ਅਜੇ ਵੀ ਪੂਰਾ ਇਹਤਿਆਤ ਰੱਖਣਾ ਬਣਦਾ ਹੈ ਤੇ ਸਰਕਾਰ ਵੱਲੋਂ ਨਿਰਧਾਰਿਤ ਕੀਤੇ ਨੇਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।ਇਸ ਪ੍ਰਯੋਗਸ਼ਾਲਾ ਦੇ ਵਰਤਮਾਨ ਸੰਯੋਜਕ ਡਾ. ਯਸ਼ਪਾਲ ਸਿੰਘ ਮਲਿਕ, ਡੀਨ, ਕਾਲਜ ਆਫ ਐਨੀਮਲ ਬਾਇਓਤਕਨਾਲੋਜੀ ਨੇ ਕਿਹਾ ਕਿ ਸਾਡੇ ਕੋਲ ਜਾਂਚ ਦੀਆਂ ਬਹੁਤ ਉੱਨਤ ਸਹੂਲਤਾਂ ਹਨ ਸਾਡੇ ਵਿਗਿਆਨੀ ਇਸ ਕੰਮ ਵਿਚ ਬਹੁਤ ਮੁਹਾਰਤ ਰਖਦੇ ਹਨ।ਉਨ੍ਹਾਂ ਦੱਸਿਆ ਕਿ ਸਾਡੇ ਵਿਗਿਆਨੀਆਂ ਨੇ ਡਾ. ਰਮਨੀਕ ਅਤੇ ਡਾ. ਏ. ਕੇ. ਅਰੋੜਾ ਦੀ ਰਹਿਨੁਮਾਈ ਵਿਚ ਇਸ ਪ੍ਰਯੋਗਸ਼ਾਲਾ ਦੀ ਸਥਾਪਨਾ ਮੌਕੇ ਬਹੁਤ ਤਨਦੇਹੀ ਨਾਲ ਕੰਮ ਸ਼ੁਰੂ ਕੀਤਾ ਸੀ, ਜਿਸ ਦਾ ਨਤੀਜਾ ਸਾਡੇ ਸਾਹਮਣੇ ਹੈ।ਉਨ੍ਹਾਂ ਨੇ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਉਪ-ਕੁਲਪਤੀ, ਡਾ. ਰਾਜ ਬਹਾਦੁਰ ਅਤੇ ਉਨ੍ਹਾਂ ਦੀ ਟੀਮ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਨੇ ਇਹ ਪ੍ਰਯੋਗਸ਼ਾਲਾ ਸਥਾਪਿਤ ਕਰਨ ਵਿਚ ਮਹੱਤਵਪੂਰਣ ਸਹਿਯੋਗ ਦਿੱਤਾ ਸੀ।

# ਸਰਦੀਆਂ 'ਚ ਪਸ਼ੂਆਂ ਦੀ ਸੰਭਾਲ ਲਈ 20-ਸੂਤਰੀ ਪ੍ਰੋਗਰਾਮ

1. ਸ਼ੈਡ ਦਾ ਚੰਗੀ ਤਰ੍ਹਾਂ ਮੁਆਇਨਾ ਕਰ ਲਵੋ। ਸ਼ੈਡ ਅੰਦਰ ਸਹੀ ਮਾਤਰਾ ਵਿਚ ਧੁੱਪ ਅਤੇ ਹਵਾ ਆਉਣੀ ਚਾਹੀਦੀ ਹੈ।ਇਸ ਲਈ ਦੱਖਣ ਵਾਲੇ ਪਾਸੇ ਦੇ ਰੋਸ਼ਨਦਾਨ ਖੁੱਲੇ ਰੱਖੋ।ਪਰ ਤੇਜ ਹਵਾਵਾਂ ਵਾਲੇ ਦਿਨ ਉਹਨਾਂ ਨੂੰ ਬੰਦ ਕਰ ਦਿਓ।
2. ਜਨਵਰੀ ਵਿਚ ਠੰਡ ਵੱਧਣ ਕਰਕੇ ਪਸ਼ੂਆਂ ਥੱਲੇ ਸੁੱਕ ਜ਼ਰੂਰ ਪਾਓ। ਸਭ ਤੋਂ ਵਧੀਆ ਸੁੱਕ ਪਰਾਲੀ ਦੀ ਹੁੰਦੀ ਹੈ।
3. ਫਰਸ਼ ਵਿਚ ਪਏ ਟੋਇਆਂ ਨੂੰ ਮਿੱਟੀ ਨਾਲ ਭਰ ਦਿਓ। ਕਿਸੇ ਵੀ ਹਾਲਤ ਵਿਚ ਮਲ-ਮੂਤਰ ਸ਼ੈਡ ਅੰਦਰ ਇਕੱਠਾ ਨਹੀਂ ਹੋਣਾ ਚਾਹੀਦਾ।
4. ਖੁਰਲੀ ਵਿਚ ਰੱਖੇ ਨਮਕ ਦੇ ਡਲੇ ਚੁੱਕ ਲਵੋ। ਸਰਦੀਆਂ ਵਿਚ ਪਸ਼ੂਆਂ ਨੂੰ ਫਾਲਤੂ ਨਮਕ ਦੀ ਲੋੜ ਨਹੀਂ ਪੈਂਦੀ। ਵੰਡ ਵਿਚ ਮੌਜੂਦ ਇਕ ਫੀਸਦ ਨਮਕ ਹੀ ਕਾਫੀ ਹੁੰਦਾ ਹੈ।
5. ਪੀਣ ਵਾਲੇ ਪਾਣੀ ਦਾ ਤਾਪਮਾਨ ਚੈਕ ਕਰੋ।ਜਿਆਦਾ ਠੰਡਾ ਹੋਣ ਦੀ ਸੂਰਤ ਵਿਚ ਇਸਨੂੰ ਕੋਸਾ ਕਰੋ।
6. ਸਸਤੇ ਭਾਅ ਵਿਚ ਮਿਲ ਰਹੀਆਂ ਸਬਜੀਆਂ (ਗਾਜਰ, ਗੋਭੀ, ਆਲੂ, ਸ਼ਲਗਮ ਆਦਿ) ਪਸ਼ੂਆਂ ਦੇ ਚਾਰੇ ਵਿਚ ਮਿਲਾਈਆਂ ਜਾ ਸਕਦੀਆਂ ਹਨ।
7. ਜੇ ਉਪਲੱਬਧ ਹੋਵੇ ਤਾਂ ਮੂੰਗਫਲੀ ਦਾ ਭੋਅ ਜਾਂ ਗੁਣਾ ਖਰੀਦ ਕੇ ਇਕੱਠਾ ਕਰ ਲਵੋ।
8. ਖੁੱਦ ਹੀ ਪਸ਼ੂਆਂ ਦੀ ਸਿਹਤ ਦਾ ਮੁਆਇਨਾ ਕਰੋ। ਜਿਆਦਾ ਕਮਜੋਰ ਪਸ਼ੂਆਂ ਦੀ ਜਾਂ ਤਾਂ ਛਾਂਟੀ ਕਰ ਦਿਓ ਜਾਂ ਫਿਰ ਪੂਰਾ ਡਾਕਟਰੀ ਮੁਆਇਨਾਂ ਕਰਵਾ ਕੇ ਲੋੜੀਂਦਾ ਇਲਾਜ ਕਰਵਾਓ।ਕਮਜੋਰ ਪਸ਼ੂਆਂ ਨੂੰ ਵੰਡ ਥੋੜਾ ਜਿਆਦਾ ਖਿਲਾਉਣਾ ਪਵੇਗਾ ਨਹੀਂ ਤਾਂ ਹੀ ਉਹ ਸਰਦੀ ਨੀ ਝੱਲ ਸਕਣਗੇ।
9. ਬਰੂਸੀਲੋਸਿਸ ਦੀ ਪਹਿਚਾਣ ਲਈ ਸਾਰੇ ਵੱਗ (ਮੱਝਾਂ, ਗਾਵਾਂ, ਭੇਡਾਂ, ਬੱਕਰੀਆਂ) ਦਾ ਇਕੱਠਾ ਕੀਤਾ ਦੁੱਧ ਜਾਂਚ ਲਈ ਪ੍ਰਯੋਗਸ਼ਾਲਾ ਭੇਜੋ। ਜੇ ਦੁੱਧ ਦਾ ਸੈਂਪਲ ਬਿਮਾਰੀ ਦੀ ਹੋਂਦ ਪ੍ਰਗਟਾਏ ਤਾਂ ਹਰੇਕ ਪਸ਼ੂ ਦਾ ਖੂਨ ਚੈਕ ਕਰਵਾਓ।
10. ਲਵੇਰੀਆਂ ਨੂੰ ਉਮਰ ਮੁਤਾਬਕ ਸਹੀ ਮਾਤਰਾ ਵਿਚ ਲੋੜੀਂਦੀ ਪੇਟ ਦੇ ਕੀੜੇ ਮਾਰਨ ਵਾਲੀ ਦਵਾਈ ਦਿੰਦੇ ਰਹੋ।
11. ਮਸਨੂਈ ਗਰਭਦਾਨ ਦਾ ਟੀਕਾ ਲਗਵਾਉਣ ਸਮੇਂ ਉਸਨੂੰ ਕੋਸੇ ਪਾਣੀ (37C) ਵਿਚ ਪਿਘਲਾਉਣਾ ਜ਼ਰੂਰੀ ਹੈ।
12. ਮਸਨੂਈ ਗਰਭਦਾਨ ਦਾ ਮੁਕੰਮਲ ਰਿਕਾਰਡ ਰੱਖੋ।
13. ਨਵੇਂ ਦੁੱਧ ਹੋਏ ਪਸ਼ੂਆਂ ਨੂੰ ਸੰਤੁਲਿਤ ਖੁਰਾਕ ਪਾਓ। ਧਾਤਾਂ ਦਾ ਚੂਰਾ ਜ਼ਰੂਰ ਪਾਓ।
14. ਜਿਸ ਪਸ਼ੂ ਨੂੰ ਦੋ-ਤਿੰਨ ਮਹੀਨੇ ਪਹਿਲਾਂ ਗਰਭਧਾਰਨ ਦਾ ਟੀਕਾ ਲਗਵਾਇਆ ਗਿਆ ਹੋਵੇ, ਉਸਨੂੰ ਮਾਹਿਰ ਡਾਕਟਰ ਪਾਸੋਂ ਗਰਭ ਦੀ ਪਰਖ ਲਈ ਚੈਕ ਕਰਵਾਓ।
15. ਸੂਣ ਲਈ ਤਿਆਰ ਲਵੇਰੀਆਂ ਨੂੰ ਦੋ ਹਫਤੇ ਰਹਿੰਦੇ ਕਣਕ ਦਾ ਦਲੀਆ ਜਾਂ ਮੱਕੀ ਦੀਆਂ ਬੱਕਲੀਆਂ ਸ਼ੁਰੂ ਕਰ ਦਿਓ।
16. ਜਿਹੜੀਆਂ ਲਵੇਰੀਆਂ ਵਿਚ ਭਰ ਪੈਣ ਦੀ ਸ਼ਕਾਇਤ ਹੋਵੇ ਉਹਨਾਂ ਦੀ ਖੁਰਾਕ ਵਿਚ ਬਰਸੀਮ ਦੀ ਮਾਤਰਾ ਘੱਟ ਰੱਖੋ ਅਤੇ ਡਾਕਟਰੀ ਸਲਾਹ ਨਾਲ ਲੋੜੀਂਦਾ ਉਪਚਾਰ ਕਰਵਾਓ।
17. ਵਾੜੇ ਦੇ ਇਰਧ-ਗਿਰਧ ਉੱਗੇ ਜਹਿਰੀਲੇ ਪੌਦਿਆਂ ਨੂੰ ਪੁਟ ਦਿਓ।
18. ਫਲੀਦਾਰ ਚਾਰਿਆਂ ਵਿਚ ਫਾਲਤੂ ਦਾ ਯੂਰੀਆ ਨਾ ਪਾਓ।
19. ਅਪਣੇ ਕਿੱਤੇ ਨਾਲ ਸਬੰਧਤ ਲੋਕਾਂ (ਪਸ਼ੂ-ਚਕਿਤਸਿਕ, ਖੁਰਾਕ ਦਾ ਮਾਹਿਰ, ਵਪਾਰੀ, ਫੀਡ ਫੈਕਟਰੀ ਆਦਿ) ਦੇ ਪਤੇ ਅਤੇ ਉਹਨਾਂ ਦੇ ਫੋਨ ਨੰਬਰਾਂ ਦੀ ਬਕਾਇਦਾ ਲਿਸਟ ਬਣਾ ਕੇ ਕਿਸੇ ਢੁਕਵੀਂ ਜਗ੍ਹਾ ਤੇ ਲਗਾ ਕੇ ਰੱਖੋ।
ਫਾਰਮ ਉਪਰ ਮੌਜੂਦ ਸਾਰੇ ਸਾਮਾਨ ਨੂੰ ਚੈਕ ਕਰੋ।ਖਰਾਬ ਪਏ ਸਾਮਾਨ ਦੀ ਮੁਰੱਮਤ ਕਰਵਾਓ ਅਤੇ ਜ਼ਰੂਰਤ ਮੁਤਾਬਕ ਹੋਰ ਲੋੜੀਂਦਾ ਸਾਮਾਨ ਖਰੀਦ ਲਵੋ।

ਡਾ. ਰਾਕੇਸ਼ ਕੁਮਾਰ ਸ਼ਰਮਾਂ ਅਤੇ ਡਾ. ਜਸਵਿੰਦਰ ਸਿੰਘ

## ਕੀ ਹੈ ਏਵੀਅਨ ਇੰਫਲੂਐਂਜ਼ਾ ਜਾਂ ਬਰਡ ਫਲੂ?

ਏਵੀਅਨ ਇੰਫਲੂਐਂਜ਼ਾ ਨੂੰ ਬਰਡ ਫਲੂ ਵੀ ਕਿਹਾ ਜਾਂਦਾ ਹੈ ਅਤੇ ਇਹ ਬਿਮਾਰੀ ਪੋਲਟਰੀ ਦੇ ਟਾਈਪ ਏ ਇੰਫਲੂਐਂਜ਼ਾ ਵਾਇਰਸ ਕਰਕੇ ਹੁੰਦੀ ਹੈ। ਇਹ ਬਿਮਾਰੀ ਦੁਨੀਆ ਭਰ ਵਿੱਚ ਵਾਪਰਦੀ ਹੈ, ਅਤੇ ਪੰਛੀਆਂ ਦੀਆਂ ਸਾਰੀਆਂ ਕਿਸਮਾਂ ਇਸ ਬਿਮਾਰੀ ਲਈ ਸੰਵੇਦਨਸ਼ੀਲ ਹਨ।

ਪੰਛੀ ਦੇ ਸ਼ਰੀਰ ਵਿੱਚ ਵਾਇਰਸ ਦੀ ਗਿਣਤੀ ਘੱਟ ਹੋਣ ਕਰਕੇ ਆਮ ਤੌਰ ਤੇ ਸੰਕਰਮਿਤ ਪੰਛੀਆਂ ਵਿੱਚ ਬਿਮਾਰੀ ਦੇ ਕੁਝ, ਜਾਂ ਕੋਈ ਵੀ ਸੰਕੇਤ ਪੈਦਾ ਨਹੀਂ ਹੁੰਦੇ। ਪਰ ਜੇਕਰ ਵਾਇਰਸ ਦੀ ਗਿਣਤੀ ਵੱਧ ਜਾਵੇ ਤਾਂ ਪੰਛੀਆਂ ਵਿੱਚ ਸਾਹ ਦੀਆਂ ਸਮੱਸਿਆਵਾਂ, ਦਸਤ, ਅੰਡਿਆਂ ਦੇ ਉਤਪਾਦਨ ਵਿੱਚ ਕਮੀ, ਜਾਂ ਮੌਤ ਦਰ ਵਿੱਚ ਵਾਧਾ ਸ਼ਾਮਲ ਹੋ ਸਕਦਾ ਹੈ। ਇਹ ਬਿਮਾਰੀ ਛੂਤ ਦੀ ਬਿਮਾਰੀ ਹੈ ਅਤੇ ਫਾਰਮ ਦੇ ਸਾਰੇ ਪੰਛੀਆਂ ਨੂੰ ਪ੍ਰਭਾਵਿਤ ਕਰਦੀ ਹੈ। ਸੰਕ੍ਰਮਿਤ ਪੰਛੀ ਬਿਨਾਂ ਕਿਸੇ ਸੰਕੇਤ ਦੇ ਅਚਾਨਕ ਮਰ ਜਾਂਦੇ ਹਨ ਜਦਕਿ ਹੋਰ ਪੰਛੀਆਂ ਵਿੱਚ ਤਾਲਮੇਲ ਦੀ ਘਾਟ, ਸ਼ਰੀਰ ਅਤੇ ਲੱਤਾਂ ਦੀ ਜਾਮਨੀ ਰੰਗਤ ਜਾਂ ਸੋਜਸ਼, ਭੁੱਖ ਦੀ ਘਾਟ, ਨੱਕ, ਅੱਖਾਂ ਅਤੇ ਚੁੰਜ ਵਿੱਚੋਂ ਪਾਣੀ ਨਿਕਲਣਾ, ਅੰਡੇ ਦੀ ਉਤਪਾਦਨ ਵਿੱਚ ਘਾਟ, ਅੰਡਿਆਂ ਦੀ ਸ਼ੈੱਲ ਦਾ ਪਤਲਾ ਹੋਣਾ ਜਾਂ ਸ਼ੇਪ ਵਿੱਚ ਨਾ ਹੋਣਾ, ਖੰਘ, ਛਿੱਕ, ਆਦਿ ਜਿਹੇ ਲੱਛਣ ਦਿੱਖ ਸਕਦੇ ਹਨ।

ਇੰਫਲੂਐਂਜ਼ਾ ਵਾਇਰਸ ਫਾਰਮ ਦੀਆਂ ਸਥਿਤੀਆਂ ਅਨੁਸਾਰ ਬਦਲ ਜਾਂਦੇ ਹਨ ਅਤੇ ਭਿਆਨਕ ਰੂਪ ਇਖ਼ਤਿਆਰ ਕਰ ਲੈਂਦੇ ਹਨ। ਵਾਇਰਸ ਦੀਆਂ ਐਚ 5 ਅਤੇ ਐਚ 7 ਉਪ ਕਿਸਮਾਂ ਬਹੁਤ ਘਾਤਕ ਮੰਨੀਆਂ ਜਾਂਦੀਆਂ ਹਨ ਅਤੇ ਫਾਰਮ ਦੇ ਸਾਰੇ ਪੰਛੀਆਂ ਨੂੰ ਖ਼ਤਮ ਕਰ ਸਕਦੀਆਂ ਹਨ। ਹਾਲਾਂਕਿ ਬਰਡ ਫਲੂ ਵਾਇਰਸ ਬਹੁਤ ਘੱਟ ਮਨੁੱਖਾਂ ਨੂੰ ਸੰਕਰਮਿਤ ਕਰਦੇ ਹਨ, ਪਰ 1997 ਤੋਂ ਮਨੁੱਖੀ ਸੰਕਰਮਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਮਨੁੱਖਾਂ ਵਿੱਚ ਇਹ ਰੋਗ ਬਿਮਾਰ ਮੁਰਗੀਆਂ ਅਤੇ ਉਨ੍ਹਾਂ ਦੇ ਦੂਸ਼ਿਤ ਕੂੜੇ ਦੇ ਸੰਪਰਕ ਵਿੱਚ ਆਣ ਨਾਲ ਫੈਲਦਾ ਹੈ। ਬਿਮਾਰ ਮੁਰਗੀਆਂ ਦੇ ਅੰਡਿਆਂ ਤੋਂ ਵੀ ਇਹ ਵਾਇਰਸ ਫੈਲਦਾ ਹੈ। ਮਨੁੱਖਾਂ ਵਿੱਚ ਵਾਇਰਸ ਦਾ ਪ੍ਰਵੇਸ਼ ਮੂੰਹ, ਨੱਕ ਅਤੇ ਅੱਖਾਂ ਦੇ ਰਸਤੇ ਹੋ ਸਕਦਾ ਹੈ।

### ਪੋਲਟਰੀ ਵਿੱਚ ਬਰਡ ਫਲੂ ਤੋਂ ਕਿਵੇਂ ਬਚਾਇਆ ਜਾਵੇ?

ਏਵੀਅਨ ਇੰਫਲੂਐਂਜ਼ਾ ਵਾਇਰਸ ਸੰਕਰਮਿਤ ਪੰਛੀਆਂ ਨਾਲ ਸਿੱਧਾ ਸੰਪਰਕ ਕਰਕੇ ਜਾਂ ਦੂਸ਼ਿਤ ਫੀਡ, ਪਾਣੀ, ਉਪਕਰਣਾਂ ਅਤੇ ਕਪੜਿਆਂ ਰਾਹੀਂ ਫੈਲਦੇ ਹਨ। ਇਸ ਲਈ, ਫ਼ਾਰਮ ਪੱਧਰ 'ਤੇ ਰੋਕਥਾਮ ਦਾ ਪਹਿਲਾ ਅਤੇ ਸਭ ਤੋਂ ਮਹੱਤਵਪੂਰਣ ਸਾਧਨ ਜੀਵ-ਸੁਰੱਖਿਆ (ਬਾਇਓ-ਸਕਿਉਰਿਟੀ) ਹੈ। ਫਾਰਮ ਦੇ ਕਰਮਚਾਰੀਆਂ ਨੂੰ ਪੋਲਟਰੀ ਝੁੰਡ ਵਿੱਚ ਬਰਡ ਫਲੂ ਅਤੇ ਹੋਰ ਬਿਮਾਰੀਆਂ ਦੀ ਸ਼ੁਰੂਆਤ ਨੂੰ ਰੋਕਣ ਲਈ ਜੀਵ ਸੁਰੱਖਿਆ ਕਾਰਜਾਂ ਨੂੰ ਜਾਣਨਾ ਅਤੇ ਉਹਨਾਂ ਦਾ ਪਾਲਣ ਕਰਨਾ ਚਾਹੀਦਾ ਹੈ। ਪੰਜਾਬ ਦੇ ਪੋਲਟਰੀ ਪਾਲਕਾਂ ਨੂੰ ਹਿਦਾਇਤ ਦਿੱਤੀ ਜਾਂਦੀ ਹੈ ਕਿ:

1. ਜੰਗਲੀ ਪੰਛੀਆਂ ਦੇ ਆਕਰਸ਼ਣ ਨੂੰ ਘਟਾਓ। ਦਾਣੇ ਅਤੇ ਪਾਣੀ ਦੀ ਤਲਾਸ਼ ਲਈ ਜੰਗਲੀ ਪੰਛੀ ਫ਼ਾਰਮ ਵਿੱਚ ਆ ਸਕਦੇ ਹਨ, ਇਸਲਈ ਫ਼ਾਰਮ ਵਿੱਚ ਫ਼ੀਡ ਅਤੇ ਪਾਣੀ ਨੂੰ ਖੁੱਲੇ 'ਚ ਰੱਖੋ। ਜੰਗਲੀ ਪੰਛੀਆਂ ਦੀ ਆਵਾਜਾਹੀ ਰੋਕਣ ਲਈ ਜਾਲ ਅਤੇ ਡਰਾਉਣੇ ਯੰਤਰਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਘਰੇਲੂ ਪੱਧਰ ਤੇ ਮੁਰਗਿ ਪਾਲਣ ਕਰ ਰਹੇ ਕਿਸਾਨ ਆਪਣੇ ਪੰਛੀਆਂ ਨੂੰ ਵਧੇਰੇ ਜੋਖਮ ਵਾਲੇ ਸਮੇਂ ਘਰ ਦੇ ਅੰਦਰ ਰੱਖੋ। ਜੇ ਉਹ ਘਰ ਦੇ ਅੰਦਰ ਨਹੀਂ ਜਾ ਸਕਦੇ, ਤਾਂ ਇਹ ਸੁਨਿਸ਼ਚਿਤ ਕਰੋ ਕਿ ਜੰਗਲੀ ਪੰਛੀ ਉਨ੍ਹਾਂ ਦੇ ਭੋਜਨ ਅਤੇ ਪਾਣੀ ਦੇ ਸਰੋਤਾਂ ਤੱਕ ਨਾ ਪਹੁੰਚਣ।
2. ਪੋਲਟਰੀ ਫ਼ਾਰਮ ਵਿੱਚ ਲੋਕਾਂ ਅਤੇ ਉਪਕਰਣਾਂ ਦੀ ਪਹੁੰਚ 'ਤੇ ਨਿਯੰਤਰਣ ਰੱਖੋ। ਜੇ ਸੰਕ੍ਰਮਿਤ ਪੰਛੀ ਕਿਸੇ ਇਲਾਕੇ ਵਿੱਚ ਪਾਏ ਜਾਂਦੇ ਹਨ, ਤਾਂ ਉਸ ਇਲਾਕੇ ਦੇ ਕਿਸਾਨ

ਆਪਣੇ ਫ਼ਾਰਮ ਵਿੱਚ ਆਉਣ ਜਾਣ ਵਾਲੇ ਲੋਕਾਂ, ਵਾਹਨਾਂ ਜਾਂ ਉਪਕਰਣਾਂ ਦੀ ਆਵਾਜਾਈ ਨੂੰ ਘਟਾਓ। ਆਪਣੇ ਝੁੰਡ ਦੇ ਸੰਪਰਕ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਪਣੇ ਕੱਪੜੇ ਬਦਲੋ। ਪੰਛੀਆਂ ਦੇ ਸੰਪਰਕ ਤੋਂ ਪਹਿਲਾਂ ਅਤੇ ਬਾਅਦ ਵਿਚ ਆਪਣੇ ਹੱਥ ਧੋਵੋ।

3. ਉਪਕਰਣ, ਵਾਹਨ ਅਤੇ ਸ਼ੈੱਡ ਦੀ ਸਫਾਈ ਰੱਖੋ ਅਤੇ ਨਿਯਮਤ ਤੌਰ 'ਤੇ ਰੋਗਾਣੂ ਮੁਕਤ ਕਰੋ। ਵਪਾਰਕ ਪੋਲਟਰੀ ਪਾਲਕ ਉਤਪਾਦਨ ਦੇ ਚੱਕਰ ਦੇ ਅੰਤ ਤੇ ਸ਼ੈੱਡ ਨੂੰ ਸਾਫ ਅਤੇ ਰੋਗਾਣੂ-ਮੁਕਤ ਕਰੋ। ਸੰਤੁਲਿਤ ਤਾਪਮਾਨ ਅਤੇ ਨਮੀ ਦੀਆਂ ਸਥਿਤੀਆਂ ਵਿੱਚ ਵਾਇਰਸ ਕਈ ਹਫ਼ਤਿਆਂ ਲਈ ਵਾਤਾਵਰਣ ਵਿੱਚ ਬੱਚ ਸਕਦੇ ਹਨ। ਹਾਲਾਂਕਿ, ਡਿਟਰਜੈਂਟਾਂ ਅਤੇ ਕੀਟਾਣੂਨਾਸ਼ਕਾਂ ਦੀ ਵਰਤੋਂ ਨਾਲ ਵਾਇਰਸ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਫ਼ਾਰਮ ਨੂੰ ਰੋਗਾਣੂ-ਮੁਕਤ ਕਰਨ ਲਈ ਫ਼ੀਉਮੀਗੇਸ਼ਨ ਅਤੇ ਫਲੇਮ ਗੰਨ ਦਾ ਪ੍ਰਯੋਗ ਵੀ ਕਾਰਗਾਰ ਹੈ।

4. ਪੰਛੀਆਂ ਨੂੰ ਭਰੋਸੇਮੰਦ ਸਰੋਤਾਂ ਤੋਂ ਖਰੀਦੋ। ਪੰਛੀਆਂ ਨੂੰ ਕੇਵਲ ਉਹਨਾਂ ਸਰੋਤਾਂ ਤੋਂ ਪ੍ਰਾਪਤ ਕਰੋ ਜੋ ਤਸਦੀਕ ਕਰ ਸਕਦੇ ਹਨ ਕਿ ਉਹ ਬਿਮਾਰੀ ਮੁਕਤ ਹਨ। ਨਵੇਂ ਪੰਛੀਆਂ ਨੂੰ ਵੱਖ-ਵੱਖ ਸ਼ੈੱਡਾਂ ਵਿੱਚ ਦੋ ਹਫ਼ਤਿਆਂ ਲਈ ਵੱਖਰਾ ਰੱਖੋ (ਕੁਆਰੰਟੀਨ ਕਰੋ), ਤਾਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਉਹ ਸਿਹਤਮੰਦ ਹਨ।

5. ਬਿਮਾਰੀ ਅਤੇ ਪੰਛੀਆਂ ਦੀ ਮੌਤ ਦੀ ਰਿਪੋਰਟ ਸਿਹਤ ਅਤੇ ਪਸ਼ੂ ਪਾਲਣ ਵਿਭਾਗ ਨੂੰ ਕਰੋ। ਜੇ ਬਿਮਾਰੀ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਤੁਰੰਤ ਕਿਰਿਆਵਾਂ ਇਲਾਕੇ ਵਿੱਚ ਹੋਰ ਝੁੰਡਾਂ ਦੀ ਰੱਖਿਆ ਵਿਚ ਮਦਦ ਕਰਨਗੀਆਂ।

6. ਬਿਮਾਰੀਆਂ ਦਾ ਟਾਕਰਾ ਵੱਧ ਰੱਖਣ ਲਈ ਖੁਰਾਕ ਵਿੱਚ ਖ਼ਾਸ ਦਵਾਈਆਂ ਵਰਤੋ। ਖੁਰਾਕ ਵਿੱਚ ਖਣਿਜ (ਜਿਸਤ ਅਤੇ ਤਾਂਬਾ) ਅਤੇ ਵਿਟਾਮਿਨ (ਈ ਅਤੇ ਸੀ) ਦੀ ਮਾਤਰਾ ਵਧਾ ਦਿਓ।

### ਪਾਣੀ ਦੇ ਸੋਮਿਆਂ ਨਾਲ ਵੱਸਦੇ ਕਿਸਾਨਾਂ ਲਈ ਸੁਨੇਹਾ

ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਕੁਦਰਤੀ ਅਤੇ ਗੈਰ ਕੁਦਰਤੀ ਝੀਲਾਂ/ ਤਾਲ/ ਦਲਦਲੀ ਇਲਾਕੇ ਹਨ ਜਿੱਥੇ ਹਰ ਸਾਲ ਵੱਡੀ ਗਿਣਤੀ ਵਿੱਚ ਪੰਛੀ ਪਰਵਾਸ ਕਰਕੇ ਆਉਂਦੇ ਹਨ। ਖਾਸ ਤੌਰ 'ਤੇ ਤਰਨ ਤਾਰਨ, ਅੰਮ੍ਰਿਤਸਰ, ਕਪੂਰਥਲਾ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚ ਪਾਣੀ ਦੇ ਸੋਮਿਆਂ ਕੋਲ ਪਰਵਾਸੀ ਪੰਛੀਆਂ ਦੀ ਆਮਦ ਹੋ ਸਕਦੀ ਹੈ। ਇਹ ਪੰਛੀ ਸਾਲ ਦਾ ਕੁਛ ਸਮਾਂ ਇਹਨਾਂ ਇਲਾਕਿਆਂ ਵਿੱਚ ਰਹਿੰਦੇ ਹਨ। ਬਰਡ ਫ਼ਲੂ ਦੀ ਬਿਮਾਰੀ ਨੂੰ ਦੇਖਦੇ ਹੋਏ ਇਹਨਾਂ ਜ਼ਿਲ੍ਹਿਆਂ ਵਿੱਚ ਮੁਰਗੀ ਪਾਲਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਜੇਕਰ ਪੋਲਟ੍ਰੀ ਫ਼ਾਰਮ ਦੇ ਨੇੜੇ ਮਰੇ ਹੋਏ ਪੰਛੀ ਮਿਲਦੇ ਹਨ ਤਾਂ ਤੁਰੰਤ ਜੰਗਲਾਤ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਨਾਲ ਸੰਪਰਕ ਕਰਨਾ ਜ਼ਰੂਰੀ ਹੈ। ਪੋਲਟ੍ਰੀ ਫ਼ਾਰਮ 'ਤੇ ਜੈਵਿਕ ਸੁਰੱਖਿਆ ਦੇ ਸਖਤ ਪ੍ਰਬੰਧ ਲਾਗੂ ਕੀਤੇ ਜਾਣ ਅਤੇ ਬਾਹਰੀ ਵਿਅਕਤੀਆਂ, ਅਵਾਰਾ ਪਸ਼ੂਆਂ ਦੇ ਦਾਖਿਲੇ 'ਤੇ ਪੂਰਨ ਰੋਕ ਲਗਾਈ ਜਾਵੇ। ਪੋਲਟ੍ਰੀ ਮਾਲਕ ਅਤੇ ਕਾਮੇ ਆਪਣੀ ਸਫ਼ਾਈ ਦਾ ਖਾਸ ਖਿਆਲ ਰੱਖਣ। ਕਾਮਿਆਂ ਨੂੰ ਪਰਵਾਸੀ ਪੰਛੀਆਂ ਦੇ ਟਿਕਾਣੇ ਅਤੇ ਦੂਸਰੇ ਪੋਲਟ੍ਰੀ ਫ਼ਾਰਮ ਤੋਂ ਦੂਰ ਰਹਿਣ ਦੀ ਸਖਤ ਹਿਦਾਇਤ ਦਿੱਤੀ ਜਾਵੇ।

### ਜੇ ਤੁਹਾਨੂੰ ਕੋਈ ਮਰੀ ਹੋਈ ਪੰਛੀ ਮਿਲ ਜਾਵੇ ਤਾਂ ਕੀ ਕਰਨਾ ਹੈ?

ਰਾਜ ਅਤੇ ਸਥਾਨਕ ਏਜੰਸੀਆਂ ਦੀ ਪੰਛੀਆਂ ਨੂੰ ਇਕੱਤਰ ਕਰਨ ਅਤੇ ਜਾਂਚ ਕਰਨ ਲਈ ਵੱਖਰੀਆਂ ਨੀਤੀਆਂ ਹਨ, ਇਸ ਲਈ ਆਪਣੇ ਇਲਾਕੇ ਵਿੱਚ ਮਰੇ ਪੰਛੀਆਂ ਦੀ ਰਿਪੋਰਟ ਆਪਣੇ ਰਾਜ ਦੇ ਸਿਹਤ ਵਿਭਾਗ, ਪਸ਼ੂ ਪਾਲਣ ਵਿਭਾਗ ਜਾਂ ਜੰਗਲਾਤ ਵਿਭਾਗ ਨਾਲ ਸੰਪਰਕ ਕਰੋ। ਇਹ ਏਜੰਸੀਆਂ ਬਿਮਾਰੀਆਂ ਜਾਂ ਮਰੇ ਹੋਏ ਪੰਛੀਆਂ ਦੀਆਂ ਘਟਨਾਵਾਂ ਦੀ ਬਕਾਇਦਾ ਜਾਂਚ ਕਰਦੀਆਂ ਹਨ ਅਤੇ ਬਰਡ ਫਲੂ ਵਰਗੀਆਂ ਬਿਮਾਰੀਆਂ ਦਾ ਛੇਤੀ ਪਤਾ ਲਗਾਉਣ ਵਿੱਚ ਸਹਾਇਤਾ ਕਰਦੀਆਂ ਹਨ। ਸੰਕ੍ਰਮਿਤ ਪੋਲਟਰੀ ਨੂੰ ਕਦੇ ਵੀ ਆਪ ਹੱਥ ਨਾ ਲਾਓ ਅਤੇ ਤਕਨੀਕੀ ਮਾਹਿਰਾਂ ਦੇ ਸਲਾਹ ਲਵੋ। ਲੋੜ ਪੈਣ ਤੇ ਨਿੱਜੀ ਸੁਰੱਖਿਆ ਉਪਕਰਣ ਜਿਵੇ ਕਿ ਮਾਸਕ, ਦਸਤਾਨੇ, ਸੇਫਟੀ ਗੌਗਲਾਂ, ਪੀ.ਪੀ.ਈ. ਕਿੱਟ, ਰੈਸਪੀਰੇਟਰ, ਆਦਿ ਪਹਿਨ ਕੇ ਫਾਰਮ ਵਿੱਚ ਜਾਓ।

### ਬਰਡ ਫਲੂ ਨਾਲ ਮਨੁੱਖੀ ਲਾਗ ਦੇ ਲੱਛਣ

ਲੱਛਣਾਂ ਵਿੱਚ ਬੁਖਾਰ, ਖੰਘ, ਗਲੇ ਵਿੱਚ ਖਰਾਸ਼, ਕੰਨਜਕਟਿਵਾਇਟਿਸ (ਅੱਖਾਂ ਦੀ ਲਾਗ), ਅਤੇ ਮਾਸਪੇਸ਼ੀ ਦੇ ਦਰਦ ਸ਼ਾਮਲ ਹੋ ਸਕਦੇ ਹਨ। ਬਰਡ ਫਲੂ ਮਨੁੱਖਾਂ ਵਿੱਚ ਨਿਮੋਨੀਆ, ਸਾਹ ਦੀ ਪਰੇਸ਼ਾਨੀ ਅਤੇ ਹੋਰ ਜਾਨ-ਲੇਵਾ ਜਟਿਲਤਾਵਾਂ ਦਾ ਕਾਰਨ ਵੀ ਬਣ ਸਕਦਾ ਹੈ। ਪੋਲਟਰੀ ਫਾਰਮ ਦੇ ਕਾਮਿਆਂ ਲਈ ਸਲਾਹ ਦਿੱਤੀ ਜਾਂਦੀ ਹੈ ਕੇ ਉਹ ਬਰਡ ਫਲੂ ਤੋਂ ਬਚਨ ਲਈ ਮਨੁੱਖੀ ਫਲੂ ਦੀ ਟੀਕਾ ਜਰੂਰ ਲਗਵਾਉਣ। ਮਨੁੱਖੀ ਇੰਫਲੂਐਂਜ਼ਾ ਵੈਕਸੀਨ ਬਰਡ ਫਲੂ ਤੋਂ ਬਚਾਅ ਤਾਂ ਨਹੀਂ ਕਰਦਾ ਪਰ ਇਹ ਉਪਾਅ ਏਵੀਅਨ ਅਤੇ ਮਨੁੱਖੀ ਇੰਫਲੂਐਂਜ਼ਾ ਵਾਇਰਸਾਂ ਨਾਲ ਦੋਹਰੇ ਸੰਕਰਮਣ ਦੀ ਸੰਭਾਵਨਾ ਨੂੰ ਘਟਾ ਸਕਦਾ ਹੈ।

ਡ: ਅਮਨਦੀਪ ਸਿੰਘ ਅਤੇ ਡ: ਅਰੁਣਬੀਰ ਸਿੰਘ

## ਸਰਦੀਆਂ 'ਚ ਬੱਕਰੀਆਂ ਦੇ ਰੱਖ-ਰਖਾਓ ਲਈ ਸਿਫਾਰਸ਼ਾਂ


1. ਬੱਕਰੀਆਂ ਦਾ ਨਵਾਂ ਕੰਮ ਹਮੇਸ਼ਾਂ ਸਰਦੀਆਂ ਵਿੱਚ ਹੀ ਸ਼ੁਰੂ ਕਰਨਾ ਚਾਹੀਦਾ ਹੈ।ਇੱਜੜ ਵਿਚ ਵਾਧੇ ਲਈ ਨਵੀਆਂ ਬੱਕਰੀਆਂ ਵੀ ਇਸੇ ਸਮੇਂ ਖਰੀਦੋ।ਨਵੀਆਂ ਖਰੀਦੀਆਂ ਬੱਕਰੀਆਂ ਨੂੰ ਲੱਗਭਗ ਇੱਕ ਮਹੀਨੇ ਲਈ ਕਿਸੇ ਅਲੱਗ ਜਗ੍ਹਾ ਉੱਪਰ ਰੱਖੋ।
2. ਬੱਕਰੀਆਂ ਨੂੰ ਪਾਲਣ ਦੀ ਵਿਓਂਤਬੰਦੀ ਇਸ ਤਰ੍ਹਾਂ ਕਰੋ ਕਿ ਜਨਵਰੀ (ਨਵੇਂ ਸਾਲ ਦਾ ਦਿਨ, ਲੋਹੜੀ), ਅਪ੍ਰੈਲ (ਵਿਸਾਖੀ, ਹੋਲੀ), ਅਕਤੂਬਰ (ਦੁਸ਼ਹਿਰਾ) ਅਤੇ ਨਵੰਬਰ (ਦਿਵਾਲੀ) ਵਿੱਚ ਪੱਠ ਵੇਚਣ ਲਈ ਤਿਆਰ ਮਿਲਣ।
3. ਬੱਕਰੀਆਂ ਨੂੰ ਹਰ ਹਾਲਤ ਵਿਚ ਠੰਡ ਤੋਂ ਬਚਾ ਕੇ ਰੱਖੋ।ਫਰਸ਼ ਸਾਫ-ਸੁਥਰੇ ਅਤੇ ਸੁੱਕੇ ਰੱਖੋ। ਫਰਸ਼ ਉੱਪਰ ਸੁੱਕ (ਪਰਾਲੀ) ਜ਼ਰੂਰ ਪਾਓ।ਬੱਕਰੀਆਂ ਦੇ ਵਾੜਿਆਂ ਵਿਚ ਮਲ-ਮੂਤਰ ਦਾ ਨਿਕਾਸ ਵਧੀਆ ਰੱਖੋ।
4. ਪੀਣ ਲਈ ਹਮੇਸ਼ਾਂ ਕੋਸਾ ਪਾਣੀ ਦਿਓ।
5. ਦੁੱਧ ਦੇ ਰਹੀਆਂ ਬੱਕਰੀਆਂ ਨੂੰ ਉਹਨਾਂ ਦੀ ਲੋੜ ਮੁਤਾਬਕ ਸੰਤੁਲਿਤ ਵੰਡ ਪਾਓ।ਵਧੀਆ ਕੁਆਲਿਟੀ ਦਾ ਹਰਾ ਚਾਰਾ ਉਪਲੱਭਦ ਹੋਣ ਸਮੇਂ ਵੰਡ ਦੀ ਮਾਤਰਾ ਘਟਾ ਦਿਓ।
6. ਚੱਟਣ ਲਈ ਬੱਕਰੀਆਂ ਅੱਗੇ ਪਸ਼ੂ-ਚਾਟ ਰੱਖੋ।
7. ਇਜੜ ਦਾ ਮੁਆਇਨਾ ਕਰਕੇ ਕਮਜੋਰ ਨਗਾਂ ਦੀ ਛਾਂਟੀ ਕਰ ਦਿਓ।
8. ਜਿਹੜੀਆਂ ਬੱਕਰੀਆਂ ਅਜੇ ਤੱਕ ਗੱਭਣ ਨਹੀਂ ਹੋਈਆਂ ਉਹਨਾਂ ਦਾ ਲੋੜੀਂਦਾ ਇਲਾਜ ਕਰਵਾਓ।
9. ਦੁਧੋਂ ਭੱਜੀਆਂ ਬੱਕਰੀਆਂ ਨੂੰ ਹਰ ਰੋਜ ਗਹੁ ਨਾਲ ਤੱਕੋ।ਇਸੇ ਸਮੇਂ ਬਿਮਾਰ ਹੋਣ ਵਾਲੀਆਂ ਬੱਕਰੀਆਂ ਦੀ ਪਹਿਲਾਂ ਤੋਂ ਹੀ ਪਹਿਚਾਣ ਹੋ ਸਕਦੀ ਹੈ।
10. ਸੂਣ ਤੋਂ ਲੱਗਭਗ ਇੱਕ ਮਹੀਨਾ ਪਹਿਲਾਂ ਖੂਨੀ ਮੋਕ (ਓਨਟਏਰੋਟੋਣਓਇਮਓਿ) ਦੇ ਬਚਾਓ ਲਈ ਟੀਕਾ ਲਗਵਾਓ।
11. ਬੱਕਰੀਆਂ ਦੇ ਸੂਣ ਵਾਲੀ ਜਗ੍ਹਾ ਨੂੰ ਪਹਿਲਾਂ ਤੋਂ ਹੀ ਤਿਆਰ ਕਰ ਲਵੋ।

12. ਸੂਣ ਨੂੰ ਤਿਆਰ ਬੱਕਰੀਆਂ ਨੂੰ ਅਲੱਗ ਕਰ ਦਿਓ ਅਤੇ ਰੋਜਾਨਾ ਪਾਈਆ ਤੋਂ ਅੱਧਾ ਕਿਲੋ ਵੰਡ ਫਾਲਤੂ ਪਾਓ।
13. ਸਤੰਬਰ ਵਿਚ ਆਸ ਹੋਈਆਂ ਬੱਕਰੀਆਂ ਫਰਬਰੀ ਵਿਚ ਸੂਅ ਪੈਣਗੀਆਂ।ਸੂਣ ਤੋਂ ਪਹਿਲਾਂ ਸੂਅ ਦੇ ਦੋਨੋ ਪਾਸਿਓਂ ਵਾਲ ਕੱਟ ਦਿਓ।
14. ਸੂਣ ਉਪਰੰਤ ਮੇਮਣਿਆਂ ਨੂੰ ਸਾਫ ਕੱਪੜੇ ਨਾਲ ਸੁਕਾ ਦਿਓ ਅਤੇ ਜਲਦੀ ਤੋਂ ਜਲਦੀ ਬਹੁੱਲਾ ਦੁੱਧ ਪਿਲਾਓ।
15. ਦੁੱਧ ਚੁੰਘਾਉਣ ਤੋਂ ਪਹਿਲਾਂ ਬੱਕਰੀ ਦੇ ਥਣ ਕੋਸੇ ਪਾਣੀ ਨਾਲ ਜ਼ਰੂਰ ਧੋਵੋ।
16. ਮੇਮਣਿਆਂ ਦਾ ਨਾੜੂਆ ਸਾਫ ਕੈਂਚੀ ਨਾਲ ਕੱਟ ਦਿਓ ਅਤੇ ਅਇਓਡੀਨ ਦੇ ਘੋਲ ਵਿਚ ਕਿਟਾਣੂ ਰਹਿਤ ਕਰ ਦਿਓ।
17. ਜੇਕਰ ਮੇਮਣੇ ਜਨਮ ਸਮੇਂ ਕਮਜੋਰ ਹੋਣ ਤਾਂ ਉਹਨਾਂ ਕੋਲ ਭਖਾਰਾ ਦੇਣ ਲਈ ਹੀਟਰ ਲਗਾ ਦਿਓ।
18. ਇੱਕ ਹਫਤੇ ਦੀ ਉਮਰ 'ਤੇ ਮੇਮਣਿਆਂ ਦੇ ਸਿੰਗ ਦਾਗ ਦਿਓ।
19. ਤਿੰਨ ਹਫਤੇ ਦੇ ਮੇਮਣੇ ਪੱਤੇ ਚੱਬਣੇ ਸ਼ੁਰੂ ਕਰ ਦਿੰਦੇ ਹਨ। ਇਸ ਲਈ ਉਹਨਾਂ ਨੂੰ ਨਰਮ ਚਾਰਾ (ਬਰਸੀਮ, ਸ਼ਫਤਲ, ਲੂਸਣ ਆਦਿ) ਉਪਲੱਭਦ ਕਰਾ ਦੇਣਾ ਚਾਹੀਦਾ ਹੈ।
20. ਪਹਿਚਾਣ ਲਈ ਕੰਨਾਂ ਵਿਚ ਟੈਗ ਲਗਵਾਉਣੇ ਹਮੇਸ਼ਾਂ ਫਾਇਦੇਮੰਦ ਰਹਿੰਦੇ ਹਨ।
21. ਮੇਮਣਿਆਂ ਵਿਚ ਖੂਨ ਦੀ ਕਮੀਂ ਜਾਂਚਣ ਲਈ ਅੱਖਾਂ ਦੀ ਝਿੱਲੀ ਚੈੱਕ ਕਰੋ।
22. ਬੱਕਰੀਆਂ ਅਤੇ ਮੇਮਣਿਆਂ ਵਿਚ ਮੋਕ ਲੱਗਣ ਦੀ ਸੂਰਤ ਵਿਚ ਤੁਰੰਤ ਇਲਾਜ ਕਰਵਾਓ।
23. ਢਾਈ ਮਹੀਨੇ ਦੀ ਉਮਰ 'ਤੇ ਨਸਲਕਸ਼ੀ ਲਈ ਵਰਤੇ ਜਾਣ ਵਾਲੇ ਬੱਕਰਿਆਂ ਦੀ ਚੋਣ ਕਰ ਲੈਣੀ ਚਾਹੀਦੀ ਹੈ। ਬਾਕੀ ਦੇ ਬੱਕਰਿਆਂ ਨੂੰ ਖੱਸੀ ਕਰਵਾ ਲਵੋ।
24. ਖੱਸੀ ਕਰਨ ਤੋਂ ਪਹਿਲਾਂ ਧੁਣਖਵੇਂ (ਟੈਟਨਸ) ਤੋਂ ਬਚਾਅ ਲਈ ਟੀਕਾ ਜ਼ਰੂਰ ਲਗਵਾਓ।
25. ਕਿੱਤੇ ਦਾ ਪੂਰਾ ਹਿਸਾਬ-ਕਿਤਾਬ ਲਿਖ ਕੇ ਰੱਖੋ।

ਡਾ ਰਾਕੇਸ਼ ਕੁਮਾਰ ਸ਼ਰਮਾਂ ਅਤੇ ਡਾ ਗਗਨਦੀਪ ਸਿੰਘ

# ਪਸ਼ੂਆਂ ਵਿੱਚ ਘੋਗਿਆਂ ਦੁਆਰਾ ਫੈਲਣ ਵਾਲੇ ਪ੍ਰਮੁੱਖ ਪਰਜੀਵੀ ਰੋਗ

| ਜਿਗਰ ਦਾ ਪਰਜੀਵੀ ਰੋਗ | ਪਿੱਟੂ ਗਿੱਲੜ੍ਹ/ਬਿੱਸੀ ਰੋਗ |
|---|---|
| **ਕਾਰਕ ਪਰਜੀਵੀ**<br>♦ ਫੈਸ਼ੀਓਲਾ ਜਾਈਜੈਨਟਿੱਕਾ | **ਕਾਰਜ ਪਰਜੀਵੀ**<br>♦ ਐਂਫੀਸਟੋਮ ਦੀਆਂ ਪਰਜਾਤੀਆਂ |
| **ਬਣਤਰ**<br>♦ ਇਸ ਪਰਜੀਵੀ ਦੀ ਬਣਤਰ ਪੱਤੇ ਵਰਗੀ ਹੁੰਦੀ ਹੈ<br>♦ ਆਕਾਰ 7.4 ਸੈਂਟੀਮੀਟਰ ਲੰਬਾਈ ਅਤੇ 1.5 ਸੈਂਟੀਮੀਟਰ ਚੌੜਾਈ ਤੱਕ ਹੁੰਦਾ ਹੈ। | **ਬਣਤਰ**<br>♦ ਇਸ ਪਰਜੀਵੀ ਦੀ ਬਣਤਰ ਅਨਾਰ ਦੇ ਦਾਣਿਆਂ ਵਰਗੀ ਹੁੰਦੀ ਹੈ<br>♦ ਆਕਾਰ 1.0 ਸੈਂਟੀਮੀਟਰ ਲੰਬਾਈ ਅਤੇ 0.30.5 ਸੈਂਟੀਮੀਟਰ ਚੋੜਾਈ ਤੱਕ ਹੁੰਦਾ ਹੈ। |
| **ਪ੍ਰਭਾਵਿੱਤ ਜਾਨਵਰ**<br>♦ ਗਾਵਾਂ, ਮੱਝਾਂ, ਭੇਡਾਂ, ਬੱਕਰੀਆਂ ਅਤੇ ਸੂਰ | **ਪ੍ਰਭਾਵਿੱਤ ਜਾਨਵਰ**<br>♦ ਗਾਵਾਂ, ਮੱਝਾਂ, ਭੇਡਾਂ, ਬੱਕਰੀਆਂ, ਸੂਰ ਅਤੇ ਘੋੜੇ |
| **ਕਿੱਥੇ ਮਿਲਦੇ ਹਨ**<br>♦ ਇਹ ਪਰਜੀਵੀ ਪਸ਼ੂ ਦੇ ਪਿੱਤੇ ਅਤੇ ਜਿਗਰ ਵਿੱਚ ਮਿਲਦਾ ਹੈ | **ਕਿੱਥੇ ਮਿਲਦੇ ਹਨ**<br>♦ ਇਹ ਪਰਜੀਵੀ ਪਸ਼ੂ ਦੇ ਪਹਿਲੇ ਮਿਹਦੇ/ਪੇਟੀ (ਰਿਯੂਮਨ) ਅਤੇ ਛੋਟੀ ਅੰਤੜੀ ਵਿੱਚ ਮਿਲਦੇ ਹਨ। |
| **ਜੀਵਨ-ਚੱਕਰ**<br>♦ ਇਹ ਪਰਜੀਵੀ ਸੰਖ ਘੋਗਿਆਂ ਦੁਆਰਾ ਦੂਸ਼ਿਤ ਖੁਰਾਕ (ਚਾਰਾ/ਪੱਠੇ) ਜਾਂ ਪਾਣੀ ਰਾਹੀਂ ਪਸ਼ੂ ਤੱਕ ਪਹੁੰਚਦਾ ਹੈ। | **ਜੀਵਨ-ਚੱਕਰ**<br>♦ ਇਹ ਪਰਜੀਵੀ ਜਲੇਬੀ ਘੋਗਿਆਂ ਦੁਆਰਾ ਦੂਸ਼ਿਤ ਖੁਰਾਕ (ਚਾਰਾ/ਪੱਠੇ) ਜਾਂ ਪਾਣੀ ਰਾਹੀਂ ਪਸ਼ੂ ਤੱਕ ਪਹੁੰਚਦਾ ਹੈ। |
| **ਪਸ਼ੂਆਂ ਨੂੰ ਨੁਕਸਾਨ**<br>♦ ਪਸ਼ੂ ਸੁਸਤ ਹੋ ਜਾਂਦਾ ਹੈ<br>♦ ਭੁੱਖ ਘੱਟ ਜਾਂਦੀਹ ਹੈ<br>♦ ਖੂਨ ਦੀ ਕਮੀ ਹੋ ਜਾਂਦੀ ਹੈ<br>♦ ਮੋਕ ਲੱਗ ਜਾਂਦੀ ਹੈ<br>♦ ਜਬਾੜੇ ਵਿੱਚਲੀ ਚਮੜੀ ਸੁੱਜ ਜਾਂਦੀ ਹੈ ਅਤੇ ਉਸ ਵਿੱਚ ਪਾਣੀ ਭਰ ਜਾਂਦਾ ਹੈ। | **ਪਸ਼ੂਆਂ ਨੂੰ ਨੁਕਸਾਨ**<br>♦ ਪਸ਼ੂ ਸੁਸਤ ਹੋ ਜਾਂਦਾ ਹੈ; ਭੁੱਖ ਘੱਟ ਜਾਂਦੀ ਹੈ<br>♦ ਖੂਨ ਦੀ ਕਮੀ ਹੋ ਜਾਂਦੀ ਹੈ; ਚਮੜੀ ਖੁਰਦਰੀ ਹੋ ਜਾਂਦੀ ਹੈ।<br>♦ ਪਾਣੀ ਵਰਗੀ ਬਦਬੂਦਾਰ ਮੋਕ ਲੱਗ ਜਾਂਦੀ ਹੈ ਤੇ ਕਈ ਵਾਰ ਮੋਕ ਵਿੱਚ ਅਨਾਰ ਦੇ ਦਾਣਿਆਂ (ਹਲਕੇ ਲਾਲ/ਗੁਲਾਬੀ ਰੰਗ) ਵਰਗੇ ਪਰਜੀਵੀ ਤੇ ਲੇਸ ਵੀ ਆ ਜਾਂਦੀ ਹੈ।<br>♦ ਪਸ਼ੂ ਨੂੰ ਬਹੁਤ ਜ਼ਿਆਦਾ ਪਿਆਸ ਲਗਦੀ ਹੈ ਤੇ ਉਹ ਆਪਣਾ ਮੂੰਹ ਪਾਣੀ ਵਿੱਚ ਦੇਰ ਤੱਕ ਰੱਖਦਾ ਹੈ।<br>♦ ਪਸ਼ੂ ਦੀ ਚਮੜੀ, ਖਾਸ ਕਰਕੇ ਜਬਾੜੇ ਵਿੱਚਲੀ ਚਮੜੀ ਸੁੱਜ ਜਾਂਦੀ ਹੈ ਅਤੇ ਉਸ ਵਿੱਚ ਪਾਣੀ ਭਰ ਜਾਂਦਾ ਹੈ।<br>♦ ਦੁੱਧ ਉਤਪਾਦਨ ਘੱਟ ਜਾਂਦਾ ਹੈ; ਗੰਭੀਰ ਮਾਮਲਿਆਂ ਵਿੱਚ ਮੌਤ ਹੋ ਜਾਂਦੀ ਹੈ। |







1. ਬੀਮਾਰੀ ਕਾਰਣ ਖਰਾਬ ਹੋਇਆ ਜਿਗਰ
2. ਜਬਾੜੇ ਵਿੱਚਲੀ ਚਮੜੀ ਵਿੱਚ ਭਰਿਆ ਪਾਣੀ
3. ਜਿਗਰ ਦਾ ਪਰਜੀਵੀ

1. ਬੀਮਾਰ ਪਸ਼ੂ ਦੇ ਪਹਿਲੇ ਮਿਹਦੇ/ਪੇਟੀ ਵਿੱਚ ਪਰਜੀਵੀ
2. ਪਹਿਲੇ ਮਿਹਦੇ /ਪੇਟੀ ਦਾ ਪਰਜੀਵੀ

ਰੋਗ ਦੀ ਪੁਸ਼ਟੀ

- ਬੀਮਾਰ ਪਸ਼ੂ ਦੇ ਗੋਹੇ ਦੀ ਜਾਂਚ ਕਰਵਾ ਕੇ ਇਸ ਰੋਗ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ

ਰੋਕਥਾਮ

- ਸਿਫਾਰਸ਼ ਸ਼ੁਦਾ ਦਵਾਈਆਂ ਪਸ਼ੂ ਚਕਿਤਸਕ ਦੀ ਸਲਾਹ ਅਤੇ ਨਿਗਰਾਨੀ ਹੇਠ ਹੀ ਵਰਤਣੀਆਂ ਚਾਹੀਦੀਆਂ ਹਨ ਤੇ ਦਵਾਈਆਂ ਦਾ ਉਪਯੋਗ ਲੇਬਲ ਉੱਪਰ ਦੱਸੀ ਮਾਤਰਾ ਅਨੁਸਾਰ ਹੀ ਕਰਨਾ ਚਾਹੀਦਾ ਹੈ
- ਪਸ਼ੂ ਨੂੰ ਸਾਫ-ਸੁੱਥਰੀ ਖੁਰਾਕ ਦੇਣੀ ਚਾਹੀਦੀ ਹੈ; ਬੀਮਾਰ ਪਸ਼ੂਆਂ ਨੂੰ ਤੰਦਰੁਸਤ ਜਾਨਵਰਾਂ ਤੋਂ ਵੱਖਰੇ ਰੱਖਣਾ ਚਾਹੀਦਾ ਹੈ
- ਰੋਗ ਗ੍ਰਸਿੱਤ ਇਲਾਕਿਆਂ ਦੇ ਜਾਨਵਰਾਂ ਨੂੰ ਸਾਲ ਵਿੱਚ ਦੋ ਵਾਰ ਕਿਰਮ ਰਹਿੱਤ ਕਰਵਾਉਣਾ ਚਾਹੀਦਾ ਹੈ (ਜਿਗਰ ਦਾ ਪਰਜੀਵੀ ਰੋਗ ਲਈ)
- ਰੋਗ ਗ੍ਰਸਿੱਤ ਇਲਾਕਿਆਂ ਦੇ ਜਾਨਵਰਾਂ ਨੂੰ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਕਿਰਮ ਰਹਿੱਤ ਕਰਵਾਉਣਾ ਚਾਹੀਦਾ ਹੈ (ਪਿੱਟੂ ਗਿੱਲੜ੍ਹ/ ਬਿੱਸੀ ਰੋਗ ਲਈ)
- ਕਿਉਂਕਿ, ਇਹ ਪਰਜੀਵੀ ਘੋਗਿਆਂ ਦੁਆਰਾ ਫੈਲਦਾ ਹੈ, ਘੋਗਿਆਂ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ
- ਘੋਗਿਆਂ ਦੀ ਰੋਕਥਾਮ ਲਈ ਛੱਪੜਾਂ/ਸੈਂਡਾਂ/ਚੱਬਚਿਆਂ ਦੀ ਸਫਾਈ ਰੱਖਣੀ ਚਾਹੀਦੀ ਹੈ, ਘੋਗੇ ਮਾਰਨ ਵਾਲੀਆਂ ਦਵਾਈਆਂ ਦਾ ਉਪਯੋਗ ਲੇਬਲ ਉੱਪਰ ਦੱਸੀ ਮਾਤਰਾ ਅਨੁਸਾਰ ਕਰਨਾ ਚਾਹੀਦਾ ਹੈ
- ਮੱਛੀ ਪਾਲਣ, ਬਤੱਖ ਪਾਲਣ ਨਾਲ ਵੀ ਘੋਗਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ
- ਜਾਨਵਰਾਂ ਨੂੰ ਛੱਪੜਾਂ/ਝੀਲਾਂ ਜਾਂ ਹੋਰ ਥਾਵਾਂ ਵੱਲ, ਜਿੱਥੇ ਕਿ ਘੋਗਿਆਂ ਦੀ ਬਹੁਤਾਤ ਹੋਵੇ, ਨਹੀਂ ਚਰਾਉਣਾ ਚਾਹੀਦਾ
- ਛੱਪੜਾਂ ਨੂੰ ਵਾੜ ਲਗਾਉਣੀ ਚਾਹੀਦੀ ਹੈ
- ਪਸ਼ੂਆਂ ਦੇ ਗੋਹੇ ਦੀ ਜਾਂਚ ਸਮੇਂ-ਸਮੇਂ ਤੇ ਕਰਵਾਉਣੀ ਚਾਹੀਦੀ ਹੈ

ਚਿੱਤਰ ਸਰੋਤ: ਵੈਟਨਰੀ ਪੈਰਾਸਾਈਟੋਲੋਜੀ, ਚੌਥਾ ਐਡੀਸ਼ਨ, ਵਿੱਲੀ-ਬਲੈਕਵੈੱਲ

ਡਾ. ਹਰਕੀਰਤ ਸਿੰਘ ਅਤੇ ਡਾ ਐਨ. ਕੇ. ਸਿੰਘ
ਪਸ਼ੂ ਪਰਜੀਵੀ ਵਿਗਿਆਨ ਵਿਭਾਗ

## ਕੀ ਤੁਸੀ ਜਾਣਦੇ ਹੋ?

ਜਦੋ ਲਵੇਰੀ ਬੈਠਦੀ ਹੈ ਤਾਂ ਇਸ ਦੇ ਹਵਾਨੇ ਨੂੰ ਖੂਨ ਦੀ ਸਪਲਾਈ ਲੱਗਭੱਗ 30% ਤੱਕ ਵੱਧ ਜਾਂਦੀ ਹੈ। ਇਹ ਖੂਨ ਦੀ ਸਪਲਾਈ ਦੁੱਧ ਦੀ ਪੈਦਾਵਾਰ ਅਤੇ ਹਵਾਨੇ ਦੀ ਤੰਦਰੁਸਤੀ ਵਧਾਉਦੀ ਹੈ। ਸੋ ਲਵੇਰੇ ਦੇ ਅਰਾਮਦਾਇਕ ਬੈਠਣ ਦਾ ਪੂਰਾ ਪ੍ਰਬੰਧ ਕਰੋ। ਸਰਦੀਆਂ ਵਿੱਚ ਪਸ਼ੂਆਂ ਹੇਠਾਂ ਸੁੱਕ ( ਲੱਕੜੀ ਦਾ ਬੂਰਾ, ਪਰਾਲੀ, ਤੂੜੀ ਆਦਿ) ਵਿਛਾਉ ਤਾਂ ਕਿ ਲਵੇਰੇ ਨਿੱਘ ਮਹਿਸੂਸ ਕਰਨ ਨਹੀ ਤਾਂ ਹੇਠਲੀ ਸੀਤ ਕਰਕੇ ਲਵੇਰੇ ਜਿਆਦਾ ਦੇਰ ਬੈਠਦੇ ਨਹੀ।

## ਕੁੱਤਿਆਂ ਦੀਆਂ ਦੇਸੀ ਨਸਲਾਂ ਦਾ ਪੰਜੀਕਰਨ

ਦੇਸ਼ ਵਿੱਚ ਪਹਿਲੀ ਵਾਰ ਕੁੱਤਿਆਂ ਦੀਆਂ ਦੇਸੀ ਨਸਲਾਂ ਨੂੰ ਪੰਜੀਕਰਨ ਕਰਕੇ ਵੱਖਰੀ ਪਛਾਣ ਦਿੱਤੀ ਗਈ ਹੈ। ਰਾਸ਼ਟਰੀ ਪੱਧਰ 'ਤੇ ਪਸ਼ੂਧਨ ਦੀਆਂ ਵੱਖ ਵੱਖ ਨਸਲਾਂ ਦਾ ਪੰਜੀਕਰਨ ਕਰਨ ਵਾਲੀ ਸੰਸਥਾ ਨੈਸ਼ਨਲ ਬਿਊਰੋ ਔਫ਼ ਐਨੀਮਲ ਜੈਨੇਟਿਕ ਰਿਸੋਰਸਿਜ਼ ਵੱਲੋਂ ਪਹਿਲੀ ਵਾਰ ਕੁੱਤਿਆਂ ਨੂੰ ਸਾਥੀ ਪਸ਼ੂ ਦੀ ਸ਼੍ਰੇਣੀ ਤਹਿਤ ਮਾਨਤਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਕੁੱਤਿਆਂ ਨੂੰ ਪਸ਼ੂਧਨ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ ਸੀ। ਸੰਸਥਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਜਾਰੀ ਖੋਜ ਦੇ ਨਤੀਜੇ ਵਜੋਂ ਤਾਮਿਲਨਾਡੂ ਦੀਆਂ ਦੋ ਨਸਲਾਂ- ਰਾਜਾਪਲਾਯਮ ਅਤੇ ਚਿਪਿਪਰਾਈ ਅਤੇ ਕਰਨਾਟਕ ਦੀ ਇੱਕ ਨਸਲ- ਮੁਧੋਲ ਹਾਊਂਡ ਨੂੰ ਪੰਜੀਕਰਨ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ।ਸੰਸਥਾ ਦੇ ਨਿਰਦੇਸ਼ਕ ਡਾ. ਆਰ ਕੇ ਵਿੱਜ ਨੇ ਦੱਸਿਆ ਕਿ ਸੰਸਥਾ ਵੱਲੋਂ ਇਹਨਾਂ ਨਸਲਾਂ ਨੂੰ ਮਾਨਤਾ ਮਿਲਣ ਤੋਂ ਬਾਅਦ ਕੁੱਤਿਆਂ ਦੀਆਂ ਦੇਸੀ ਨਸਲਾਂ 'ਤੇ ਖੋਜ ਕਾਰਜਾਂ ਵਿੱਚ ਤੇਜ਼ੀ ਆਵੇਗੀ। ਇਸ ਨਾਲ ਬਾਕੀ ਦੇਸੀ ਨਸਲਾਂ ਜਿਵੇਂ ਹਿਮਾਚਲੀ, ਰਾਮਪੁਰ ਹਾਊਂਡ, ਗੱਦੀ ਆਦਿ ਦੀ ਪਛਾਣ ਲਈ ਵੀ ਉੱਦਮ ਕੀਤੇ ਜਾਣਗੇ ਅਤੇ ਜਲਦੀ ਹੀ ਇਹਨਾਂ ਨੂੰ ਪੰਜੀਕਰਨ ਕਰਕੇ ਵੱਖਰੀ ਨਸਲ ਦੇ ਤੌਰ 'ਤੇ ਮਾਨਤਾ ਦਿੱਤੀ ਜਾਵੇਗੀ। ਚਿਪਿਪਰਾਈ ਕੁੱਤੇ ਸ਼ਿਕਾਰ ਅਤੇ ਰਾਖੀ ਦੇ ਕੰਮ ਆਉਂਦੇ ਹਨ। ਇਹਨਾਂ ਦੇ ਵਾਲਾਂ ਦਾ ਰੰਗ ਹਲਕੇ ਭੂਰੇ ਤੋਂ ਕਾਲੀ ਰੰਗਤ ਦੇ ਦਰਮਿਆਨ ਕਈ ਰੰਗਾਂ ਵਿੱਚ ਮਿਲਦਾ ਹੈ। ਇਹ ਸਿਖਲਾਈ ਦੌਰਾਨ ਜਲਦੀ ਹੀ ਆਦੇਸ਼ ਦੀ ਪਾਲਣਾ ਕਰਨਾ ਸਿੱਖ ਲੈਂਦੇ ਹਨ।ਰਾਜਾਪਲਾਯਮ ਨਸਲ ਦੇ ਕੁੱਤੇ ਮੁੱਖ ਤੌਰ 'ਤੇ ਰਾਖੀ ਦੇ ਕੰਮ ਆਉਂਦੇ ਹਨ। ਇਹਨਾਂ ਦੀ ਚਮੜੀ ਗੁਲਾਬੀ ਅਤੇ ਵਾਲਾਂ ਦਾ ਰੰਗ ਹਲਕਾ ਹੁੰਦਾ ਹੈ। ਮੁਧੋਲ ਹਾਊਂਡ ਆਪਣੀ ਤੇਜ਼ ਗਤੀ ਲਈ ਜਾਣੇ ਜਾਂਦੇ ਹਨ ਅਤੇ ਰਾਖੀ ਲਈ ਵਰਤੇ ਜਾਂਦੇ ਹਨ। ਕੁਝ ਅਖਬਾਰਾਂ ਦੇ ਹਵਾਲੇ ਨਾਲ ਦੱਸਿਆ ਜਾ ਰਿਹਾ ਹੈ ਕਿ ਇਸ ਨਸਲ ਨੂੰ ਫ਼ੌਜ ਅਤੇ ਪੁਲਸ ਵਿਭਾਗ ਵਿੱਚ ਤਲਾਸ਼ੀ ਮੁਹਿੰਮ ਲਈ ਸ਼ਾਮਿਲ ਕਰਨ ਸਬੰਧੀ ਤਜਬੇ ਕੀਤੇ ਜਾ ਰਹੇ ਹਨ।


## ਦੇਸ਼ ਵਿੱਚ ਏਵੀਅਨ ਫ਼ਲੂ ਹੋਣ ਦਾ ਖਦਸ਼ਾ

ਹਿਮਾਚਲ ਪ੍ਰਦੇਸ਼ ਦੇ ਪੌਂਗ ਅਤੇ ਰਾਜਸਥਾਨ ਦੇ ਝਾਲਾਵਾੜ ਇਲਾਕੇ ਵਿੱਚ ਦਸੰਬਰ- ਜਨਵਰੀ ਦੌਰਾਨ ਏਵੀਅਨ ਫ਼ਲੂ ਕਾਰਨ ਵੱਡੀ ਗਿਣਤੀ ਵਿੱਚ ਪੰਛੀਆਂ ਦੀ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ। ਖਬਰ ਹੈ ਕਿ ਪੰਛੀਆਂ ਦੀ ਮੌਤ ਇਕੱਲੀ ਘਟਨਾ ਨਹੀਂ ਹੈ। ਝਾਲਾਵਾੜ ਵਿੱਚ 60 ਮੁਰਗੀਆਂ ਦੇ ਮਰਨ ਦੀ ਖਬਰ ਵੀ ਪ੍ਰਾਪਤ ਹੋਈ ਹੈ। ਇਸ ਤੋਂ ਬਾਅਦ ਦੇਸ਼ ਭਰ ਵਿੱਚ ਏਵੀਅਨ ਫ਼ਲੂ ਬਿਮਾਰੀ ਦੇ ਫ਼ੈਲਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਮਰੇ ਹੋਏ ਪੰਛੀਆਂ ਤੋਂ ਨਮੂਨੇ ਲੈ ਕੇ ਜਾਂਚ ਲਈ ਭੇਜੇ ਗਏ ਹਨ। ਪਸ਼ੂ ਪਾਲਣ ਵਿਭਾਗ ਵੱਲੋਂ ਪੋਲਟ੍ਰੀ ਫ਼ਾਰਮਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਤਾਂ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਜਿੱਠਿਆ ਜਾ ਸਕੇ। ਇਸ ਦੇ ਨਾਲ ਹੀ ਜੰਗਲਾਤ ਵਿਭਾਗ ਵੱਲੋਂ ਪਰਵਾਸੀ ਪੰਛੀਆਂ ਦੀ ਆਮਦ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਏਵੀਅਨ ਫ਼ਲੂ ਦੀ ਬਿਮਾਰੀ H5N1 ਵਿਸ਼ਾਣੂ ਕਰਕੇ ਹੁੰਦੀ ਹੈ ਅਤੇ ਪੰਛੀਆਂ ਤੋਂ ਇਨਸਾਨਾਂ ਨੂੰ ਵੀ ਫ਼ੈਲ ਸਕਦੀ ਹੈ ਜਿਸ ਕਰਕੇ ਇਸ ਬਿਮਾਰੀ ਤੋਂ ਵਿਸ਼ੇਸ਼ ਰੂਪ ਵਿੱਚ ਸੁਚੇਤ ਰਹਿਣ ਦੀ ਲੋੜ ਹੈ। ਪੋਲਟ੍ਰੀ ਮਾਲਕਾਂ ਨੂੰ ਮੁਰਗੀਆਂ ਦੀ ਸਿਹਤ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਜਾਂਦੀ ਹੈ। ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ, ਰੂਪਨਗਰ, ਹੁਸ਼ਿਆਰਪੁਰ ਵਿੱਚ ਖਾਸ ਤੌਰ 'ਤੇ ਪਰਵਾਸੀ ਪੰਛੀ ਸਰਦੀਆਂ ਦੇ ਮਹੀਨਿਆਂ ਵਿੱਚ ਪਲਾਇਣ ਕਰਦੇ ਹਨ। ਇਹਨਾਂ ਦੇ ਟਿਕਾਣਿਆਂ ਦੇ ਆਸ ਪਾਸ ਪੋਲਟ੍ਰੀ ਫ਼ਾਰਮ ਮਾਲਕ ਜੰਗਲੀ ਪੰਛੀਆਂ ਦੀ ਮੌਤ ਹੋਣ 'ਤੇ ਜੰਗਲਾਤ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਨਾਲ ਸੰਪਰਕ ਕਰਨ।

**ਮੁਰਗੀਆਂ ਦੀ ਸੁਰੱਖਿਆ ਲਈ ਕੁਝ ਜ਼ਰੂਰੀ ਨੁਕਤੇ :**

- ਸ਼ੈੱਡ ਦੇ ਆਲੇ ਦੁਆਲੇ ਦਰਖਤਾਂ ਦੀ ਛੰਗਾਈ ਕਰੋ ਤਾਂ ਕਿ ਜੰਗਲੀ ਪੰਛੀ ਇਹਨਾਂ 'ਤੇ ਇਕੱਠੇ ਨਾ ਹੋਣ।
- ਸ਼ੈੱਡ ਦੀ ਛੱਤ ਜਾਂ ਆਲਿਆਂ ਵਿੱਚ ਪੰਛੀਆਂ ਨੂੰ ਆਲ੍ਹਣੇ ਨਾ ਬਣਾਉਣ ਦਿਉ।
- ਸ਼ੈੱਡ ਦੀਆਂ ਕੰਧਾਂ ਅਤੇ ਜਾਲੀਆਂ ਵਿੱਚ ਵਿਰਲਾਂ ਅਤੇ ਖੁੱਡਾਂ ਨੂੰ ਭਰ ਦਿਉ।
- ਸ਼ੈੱਡ ਦੇ ਦਾਖਿਲੇ 'ਤੇ ਕਲੀ ਵਿਛਾਓ। ਸ਼ੈੱਡ ਅੰਦਰ ਜਾਣ ਵੇਲੇ ਆਪਣੇ ਪੈਰ ਕਲੀ ਵਿੱਚ ਸਾਫ਼ ਕਰੋ।
- ਓਪਰੇ ਬੰਦਿਆਂ ਦਾ ਸ਼ੈੱਡ ਵਿੱਚ ਦਾਖਲਾ ਮੁਕੰਮਲ ਤੌਰ 'ਤੇ ਬੰਦ ਕਰੋ। ਦੂਸਰੇ ਪੋਲਟ੍ਰੀ ਫ਼ਾਰਮਾਂ ਦਾ ਦੌਰਾ ਨਾ ਕਰੋ।
- ਮੁਰਗੀਆਂ ਦਾ ਟੀਕਾਕਰਨ ਅਤੇ ਵਿਟਾਮਿਨ ਖੁਰਾਕ ਠੀਕ ਸਮੇਂ 'ਤੇ ਦਿਉ।
- ਸ਼ੈੱਡ ਵਿੱਚ ਜਾਣ ਵੇਲੇ ਮੂੰਹ 'ਤੇ ਮਾਸਕ ਲਗਾਉ।
- ਸ਼ੈੱਡ ਵਿੱਚ ਦਾਖਿਲ ਹੋਣ ਤੋਂ ਪਹਿਲਾਂ ਅਤੇ ਬਾਅਦ ਨਹਾ ਕੇ ਕੱਪੜੇ ਬਦਲੋ।

## ਜ਼ੂਨੋਟਿਕ ਬਿਮਾਰੀਆਂ: ਪਸ਼ੂਆਂ ਤੋਂ ਹੋਣ ਵਾਲੀਆਂ ਬਿਮਾਰੀਆਂ



# ਪੰਜਾਬ ਵਿੱਚ ਮੱਛੀ ਪਾਲਣ ਲਈ ਪ੍ਰਧਾਨ ਮੰਤਰੀ ਮਤਸਿਆ ਸੰਪਦਾ ਯੋਜਨਾ ਅਧੀਨ ਉਪਲੱਬਧ ਵਿਕਾਸ ਵਿਕਲਪ



ਫਿਸ਼ਰੀਜ਼ ਖੇਤਰ ਦੇ ਟਿਕਾਊ ਅਤੇ ਜ਼ਿੰਮੇਦਾਰ ਵਿਕਾਸ ਰਾਹੀਂ ਦੇਸ਼ ਵਿੱਚ ਨੀਲੀ ਕ੍ਰਾਂਤੀ ਲਿਆਉਣ ਲਈ, ਭਾਰਤ ਸਰਕਾਰ ਦੇ ਫਿਸ਼ਰੀਜ਼, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲਾ (**Ministry of Fisheries, Animal Husbandry and Dairying**) ਦੇ ਫਿਸ਼ਰੀਜ਼ ਵਿਭਾਗ (**Department of Fisheries/DOF**) ਵਲੋਂ ਪ੍ਰਧਾਨ ਮੰਤਰੀ ਮਤਸਿਆ ਸੰਪਦਾ ਯੋਜਨਾ (Pradhan Mantri Matsya Sampada Yojna-PMMS), **5 ਸਾਲ ਦੀ ਮਿਆਦ ਲਈ (ਵਿੱਤੀ ਸਾਲ 2020-21 ਤੋਂ 2024-25) ਕੁੱਲ 20,050 ਕਰੋੜ ਰੁਪਏ ਦੇ ਨਿਵੇਸ਼ ਨਾਲ ਲਾਗੂ ਕੀਤੀ ਗਈ ਹੈ, ਜਿਸ ਵਿੱਚ ਮੱਛੀ ਪਾਲਕਾਂ ਦੇ ਸੰਪੂਰਨ ਸਮਾਜਿਕ-ਆਰਥਿਕ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਹਨ।**

## ਪੰਜਾਬ ਮੱਛੀ ਪਾਲਕਾਂ ਲਈ ਉਪਲੱਬਧ ਵਿੱਤੀ ਸਹਾਇਤਾ

**PMMSY** ਅਧੀਨ ਹੇਠ ਲਿਖਿਆਂ ਲਾਭਪਾਤਰੀ ਅਧਾਰਿਤ ਗਤੀਵਿਧੀਆਂ ਲਈ ਵਿੱਤੀ ਸਹਿਯੋਗ (ਸਬਸਿਡੀ/**Subsidy**) ਦੇ ਵਿਕਲਪ ਉਪਲੱਬਧ ਹਨ:-

- ✓ ਮਿੱਠੇ ਅਤੇ ਖਾਰੇ ਪਾਣੀ ਵਿੱਚ ਮੱਛੀ ਪਾਲਣ ਲਈ ਉਤਪਾਦਨ, ਨਰਸਰੀ ਅਤੇ ਰੀਅਰਿੰਗ ਤਲਾਵਾਂ ਦੀ ਉਸਾਰੀ- ਕਾਰਪ, ਪੰਗਾਸ, ਟਿਲਾਪਿਆ ਅਤੇ ਝੀਂਗਾ
- ✓ ਮੱਛੀ ਪਾਲਣ ਲਈ ਨਿਵੇਸ਼ (**Inputs**) ਸਮੱਗਰੀ ਸੀਡ (ਬੱਚ), ਖੁਰਾਕ, ਖਾਦਾਂ, ਦਵਾਈਆਂ ਆਦਿ
- ✓ ਰੀਸਰਕੁਲੇਟਰੀ ਐਕੁਆਕਲਚਰ ਸਿਸਟਮ (**Re-circulatory Aquaculture System- RAS**) ਮਿੰਨੀ, ਛੋਟੇ, ਮੱਧਮ ਅਤੇ ਵੱਡੇ ਪੱਧਰ ਦੇ ਅਸ਼
- ✓ ਮਿੱਠੇ ਅਤੇ ਖਾਰੇ ਪਾਣੀ ਵਿੱਚ ਬਾਇਓਫਲਾਕ (**Biofloc**) ਤਲਾਅ ਦੀ ਉਸਾਰੀ ਅਤੇ ਨਿਵੇਸ਼ ਸਮੱਗਰੀ
- ✓ ਝੀਲਾਂ (**Reservoir**) ਵਿੱਚ ਪਿੰਜਰਾ ਮੱਛੀ ਪਾਲਣ (ਕੇਜ ਕਲਚਰ/**Cage Culture**)
- ✓ ਸਜਾਵਟੀ ਮੱਛੀ ਪਾਲਣ - ਘਰੇਲੂ ਵੇਹੜੇ (**Backyard**) ਅਤੇ ਮੱਧਮ ਪੱਧਰ (**Medium Scale**) ਦੇ ਕਲਚਰ ਯੂਨਿਟ, ਏਕੀਕ੍ਰਿਤ (**Integrated**) ਬਰੀਡਿੰਗ ਅਤੇ ਸੀਡ ਉਤਪਾਦਨ ਯੂਨਿਟ
- ✓ ਹੈਚਰੀਆਂ- ਕਾਰਪ, ਮਿੱਠੇ ਪਾਣੀ ਦਾ ਝੀਂਗਾ (ਸਕੈਂਪੀ)
- ✓ ਫਿਸ਼ ਫੀਡ ਮਿਲ ਪ੍ਰਤੀ ਦਿਨ ਉਤਪਾਦਨ ਸਮਰੱਥਾ 2-20 ਟਨ (2, 8 ਅਤੇ 20 ਟਨ)
- ✓ ਫਿਸ਼ ਫੀਡ ਪਲਾਂਟ- ਘੱਟੋ ਘੱਟ ਪ੍ਰਤੀ ਦਿਨ ਉਤਪਾਦਨ ਸਮਰੱਥਾ 100 ਟਨ
- ✓ ਕੋਲਡ ਸਟੋਰੇਜ ਅਤੇ ਆਈਸ ਪਲਾਂਟ -10-50 ਟਨ ਸਟੋਰੇਜ ਸਮਰੱਥਾ (10, 20, 30 ਅਤੇ 50 ਟਨ)
- ✓ ਮੰਡੀਕਰਨ ਲਈ ਮੱਛੀ ਖੋਖੇ/ਦੁਕਾਨਾਂ, ਰੈਫਰੀਜਰੇਟਿਡ (**Refrigerated**) ਵਾਹਨ, ਇੰਨਸੂਲੇਟਿਡ (**Insulated**) ਵਾਹਨ ਅਤੇ ਆਈਸ ਬਾਕਸ ਯੁਕਤ ਮੋਟਰ-ਸਾਈਕਲ/ਸਾਈਕਲ/ਥ੍ਰੀ ਵਹੀਲਰ (ਈ-ਰਿਕਸ਼ਾ)
- ✓ ਮੱਛੀ ਮੁੱਲ ਵਧਾਉ (**Value Addition**) ਉਦਯੋਗ ਇਕਾਈ (**Unit**) /ਪ੍ਰੋਸੈਸਿੰਗ ਯੂਨਿਟ (**Processing Unit**)

## PMMSY ਅਧੀਨ ਹੇਠ ਲਿਖੇ ਲਾਭਪਾਤਰੀ ਵਿੱਤੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ:-

| | ਵਿੱਤੀ ਸਹਾਇਤਾ |
|---|---|
| i) ਮਛੇਰੇ ਅਤੇ ਮੱਛੀ ਪਾਲਕ<br>ii) ਮੱਛੀ ਕਾਮੇ ਅਤੇ ਵਿਕਰੇਤਾ<br>iii) ਫਿਸ਼ਰੀਜ਼ ਵਿਕਾਸ ਕਾਰਪੋਰੇਸ਼ਨ (Fisheries Development Corporations)<br>iv) ਸਵੈ ਸੇਵੀ ਸਮੂਹ (Self Help Groups - SHGs)<br>v) ਫਿਸ਼ਰੀਜ਼ ਸਹਿਕਾਰੀ ਸੰਗਠਨ (Fisheries Cooperatives)<br>vi) ਫਿਸ਼ਰੀਜ਼ ਫੈਡਰੇਸ਼ਨ (Fisheries Federations)<br>vii) ਉੱਦਮੀ ਹਿੱਸੇਦਾਰ ਅਤੇ ਪ੍ਰਾਈਵੇਟ ਫਰਮਾਂ (Entrepreneurs and Private Firms)<br>viii) ਮੱਛੀ ਪਾਲਕ ਉਤਪਾਦਕ ਸੰਗਠਨ/ਕੰਪਨੀਆਂ (Fish Farmers Producers Organizations/ Companies- FFPOs/Cs)<br>ix) ਐਸ.ਸੀ. (SC)/ਐਸ.ਟੀ. (ST)/ਔਰਤਾਂ/ਵੱਖਰੇ ਪੱਖੋ ਯੋਗ ਵਿਅਕਤੀ (Differently Abled Persons) | ਕੇਂਦਰੀ ਅਤੇ ਰਾਜ ਦੀ ਇਕੱਠੀ ਸਰਕਾਰੀ ਵਿੱਤੀ ਸਹਾਇਤਾ (ਸਬਸਿਡੀ/ਸ਼ੁਬਸਦਿ)<br><br>ਆਮ ਸ਼੍ਰੇਣੀ ਲਈ<br>ਪ੍ਰੋਜੈਕਟ ਦੀ ਕੁੱਲ ਲਾਗਤ ਦਾ 40%<br>ਸ਼ਛ/ਸ਼ਠ/ਔਰਤ ਵਰਗ ਲਈ<br>ਪ੍ਰੋਜੈਕਟ ਦੀ ਕੁੱਲ ਲਾਗਤ ਦਾ 60%<br><br>ਸਬਸਿਡੀ/Subsidy ਦੀ ਰਕਮ ਕੇਂਦਰ ਅਤੇ ਰਾਜ ਸਰਕਾਰ ਵਿਚਕਾਰ ਸਾਂਝੀ ਕੀਤੀ ਜਾਵੇਗੀ<br><br>ਕੇਂਦਰੀ ਹਿੱਸਾ - 60%<br>ਰਾਜਕੀ ਹਿੱਸਾ - 40% |

## ਸਰਕਾਰੀ ਵਿੱਤੀ ਸਹਾਇਤਾ (ਸਬਸਿਡੀ) ਦਾ ਵੇਰਵਾ

| ਸ਼੍ਰੇਣੀ | ਉਦਾਹਰਣ ਦੇ ਤੌਰ ਤੇ ਕੁੱਲ ਪ੍ਰੋਜੈਕਟ ਲਾਗਤ -10 ਲੱਖ ਰੁਪਏ | | |
|---|---|---|---|
| | ਕੁੱਲ ਸਬਸਿਡੀ | ਲਾਭਪਾਤਰੀ ਯੋਗਦਾਨ | ਸਬਸਿਡੀ ਵਿੱਚ ਕੇਂਦਰ ਅਤੇ ਰਾਜ ਦੀ ਹਿੱਸੇਦਾਰੀ |
| ਆਮ ਸ਼੍ਰੇਣੀ ਲਈ | 40%<br>4 ਲੱਖ ਰੁਪਏ | 60%<br>6 ਲੱਖ ਰੁਪਏ | ਕੇਂਦਰੀ ਹਿੱਸਾ (60%) = 2.4 ਲੱਖ ਰੁਪਏ<br>ਰਾਜਕੀ ਹਿੱਸਾ (40%) = 1.6 ਲੱਖ ਰੁਪਏ |
| SC/ST/ਔਰਤਾਂ ਲਈ | 60%<br>6 ਲੱਖ ਰੁਪਏ | 40%<br>4 ਲੱਖ ਰੁਪਏ | ਕੇਂਦਰੀ ਹਿੱਸਾ (60%) = 3.6 ਲੱਖ ਰੁਪਏ<br>ਰਾਜਕੀ ਹਿੱਸਾ (40%) = 2.4 ਲੱਖ ਰੁਪਏ |

ਨੋਟ: **PMMS** ਅਤੇ ਮੱਛੀ ਪਾਲਣ ਸੰਬਧੀ ਵੱਖ ਵੱਖ ਪ੍ਰੋਜੈਕਟਾਂ ਦੀ ਕੁੱਲ ਲਾਗਤ ਦੀ ਜਾਣਕਾਰੀ ਫਿਸ਼ਰੀਜ਼ ਵਿਭਾਗ ਅਤੇ ਰਾਸ਼ਟਰੀ ਫਿਸ਼ਰੀਜ਼ ਵਿਕਾਸ ਬੋਰਡ (**NFDB**) ਦੀ ਵੈਬਸਾਈਟਾਂ (**i**) **www.dof.gov.in** ਅਤੇ (**ii**) **www.nfdb.gov.in** ਤੇ ਉਪਲੱਬਧ ਹੈ।

## ਪ੍ਰਸਤਾਵ (Proposal) ਜਮਾਂ ਕਰਨਾ

ਵਿਅਕਤੀਗਤ/ਸਮੂਹ ਲਾਭਪਾਤਰੀ ਦੀ ਵਿਸਥਾਰਕ ਪ੍ਰੋਜੈਕਟ ਰਿਪੋਰਟ (**Detailed Project Report/ DPR**) ਦੀਆਂ ਤਿੰਨ ਕਾਪੀਆਂ, ਪ੍ਰੋਜੈਕਟ ਪ੍ਰਸਤਾਵ ਨੂੰ ਆਖਰੀ ਪੜਾਅ ਵਿੱਚ ਲਾਗੂ ਕਰਨ ਵਾਲੀਆਂ ਏਜੰਸੀਆਂ

ਹੇਠ ਦਿਤੇ ਅਨੁਸਾਰ ਜਮ੍ਹਾਂ ਕਰਨਗੀਆਂ:-

- ✓ ਰਾਸ਼ਟਰੀ ਫਿਸ਼ਰੀਜ਼ ਵਿਕਾਸ ਬੋਰਡ (NFDB), ਹੈਦਰਾਬਾਦ → ਦੋ ਕਾਪੀਆਂ
- ✓ ਫਿਸ਼ਰੀਜ਼ ਵਿਭਾਗ/DOF (ਫਿਸ਼ਰੀਜ਼,ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲੇ, ਭਾਰਤ ਸਰਕਾਰ) → ਇੱਕ ਕਾਪੀ

**PMMSY** ਅਧੀਨ ਪ੍ਰਸਤਾਵ ਜਮਾਂ ਕਰਨ ਦੇ ਤਰੀਕੇ ਸੰਬੰਧੀ ਸੰਪੂਰਨ ਜਾਣਕਾਰੀ ਲਈ ਬਿਨੇਕਾਰ ਲਾਭਪਾਤਰੀ ਅਪਣੇ ਜ਼ਿਲੇ ਦੇ ਮੱਛੀ ਪਾਲਕ ਵਿਕਾਸ ਏਜੰਸੀ/Fish Farmers Development Agency (FFDA) ਦੇ ਫਿਸ਼ਰੀਜ਼ ਅਫਸਰ (District Fisheries Officer/FO) ਜਾਂ ਪੰਜਾਬ ਮੱਛੀ ਪਾਲਣ ਵਿਭਾਗ ਦੇ ਡਾਇਰੈਕਟਰ ਅਤੇ ਵਾਰਡਨ (Director cum Warden Fisheries, Punjab) ਨੂੰ 0172-2217135 ਫੋਨ ਨੰਬਰ ਤੇ ਸੰਪਰਕ ਕਰਨ।

ਪੰਜਾਬ ਵਿੱਚ ਮਿੱਠੇ ਪਾਣੀ ਦੇ ਨਾਲ ਨਾਲ ਖਾਰੇ ਪਾਣੀ ਵਿੱਚ ਮੱਛੀ ਪਾਲਣ ਦੀਆਂ ਸੂਚੀਬੱਧ ਕੀਤੇ ਗਏ ਵਿਕਲਪਾਂ ਅਨੁਸਾਰ ਭਰਪੂਰ ਸੰਭਾਵਨਾਵਾਂ ਹਨ ਅਤੇ ਇਸ ਸੰਬਧੀ ਤਕਨੀਕੀ ਜਾਣਕਾਰੀ ਲਈ ਚਾਹਵਾਨ ਉਮੀਦਵਾਰ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ (GADVASU), ਲੁਧਿਆਣਾ ਦੇ ਫਿਸ਼ਰੀਜ਼ ਕਾਲਜ ਨਾਲ 0161-2414061 ਅਤੇ 0161-2414056 ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ ਜਾਂ ਵਿਅਕਤੀਗਤ ਤੌਰ ਤੇ ਮਾਹਰਾਂ ਨੂੰ ਮਿਲ ਕੇ ਜਾਣਕਾਰੀ ਹਾਸਿਲ ਕਰ ਸਕਦੇ ਹਨ।

**ਡਾ. ਮੀਰਾ ਡੀ ਆਂਸਲ**

# ਪੰਜਾਬ ਵਿੱਚ ਸਰਕਾਰੀ ਸੂਰ ਤੇ ਬੱਕਰੀ ਫਾਰਮ

1. ਇੰਨੋਵੇਟਿਵ ਪਿਗ ਬਰੀਡਿੰਗ ਸੈਂਟਰ, ਨਾਭਾ। ( ਡਾ ਵਿਕਾਸ ਕੁਮਾਰ- 988899623)
2. ਇੰਨੋਵੇਟਿਵ ਪਿਗ ਬਰੀਡਿੰਗ ਸੈਂਟਰ, ਗੁਰਦਾਸਪੁਰ। ( ਡਾ ਤੁਸ਼ਾਰ-8360288087)
3. ਮਾਡਰਨ ਪਿਗ ਫਾਰਮ, ਹੁਸ਼ਿਆਰਪੁਰ। ( ਡਾ ਧੀਰਜ ਕੁਮਾਰ- 7589165671)
4. ਪਿਗ ਬਰੀਡਿੰਗ ਫਾਰਮ, ਛੱਜੂ ਮਾਜਰਾ, ਐਸ ਏ ਐਸ ਨਗਰ।( ਡਾ ਗੁਰਮੀਤ ਕੋਰ-9115004950)
5. ਪਿਗ ਬਰੀਡਿੰਗ ਫਾਰਮ, ਮੱਲਵਾਲ, ਫਿਰੋਜਪੁਰ। ( ਡਾ ਅਮਰਜੀਤ ਸਿੰਘ- 9464878226)
6. ਬੱਕਰੀ ਫਾਰਮ, ਕੋਟਕਪੂਰਾ। ( ਡਾ ਮਨੋਜ ਕੁਮਾਰ- 97799-66290)

# ਮੁਰਗੀਆਂ ਵਿੱਚ ਮੈਰਿਕਸ ਬਿਮਾਰੀ/ ਲਿਉਕੋਸਿਸ ਦੀ ਬਿਮਾਰੀ (ਕੈਂਸਰ)

**ਕਾਰਨ :** ਹਰਪੀਜ਼ ਵਿਸ਼ਾਣੂ /ਰੇਟਰੋ ਵਿਸ਼ਾਣੂ

**ਲੱਛਣ :** ਮੁਰਗੀ ਦਾ ਦਿਨੋ ਦਿਨ ਕਮਜ਼ੋਰ ਹੋਣਾ, ਸੁਮਤ ਰਹਿਣਾ, ਚੱਲਣ ਵਿੱਚ ਤਕਲੀਫ ਹੋਣਾ।

**ਪੋਸਟ ਮਾਰਟਮ :** ਕਮਜ਼ੋਰ ਮਾਸਪੇਸ਼ੀਆਂ, ਅੰਦਰੂਨੀ ਅੰਗਾਂ ਵਿੱਚ ਫੋੜੇ ਹੋਣਾ, ਜਿਗਰ ਦਾ ਨਾਪ ਬਹੁਤ ਵੱਡਾ ਹੋਣਾ।

**ਬਚਾਅ :**
1. ਟੀਕਾਕਰਣ
2. ਸਾਫ਼ ਸਫ਼ਾਈ ਰੱਖਣਾ
3. ਜੇ ਬਿਮਾਰੀ ਆ ਜਾਵੇ ਤਾਂ ਪੂਰੇ ਸਟੋਕ ਨੂੰ ਬਦਲ ਦੇਣਾ ਹੀ ਇੱਕ ਹੱਲ ਹੈ ਕਿਉਂਕਿ ਇਸ ਬਿਮਾਰੀ ਨੂੰ ਹਟਾਇਆ ਨਹੀਂ ਜਾ ਸਕਦਾ।

**ਫੈਲਾਅ :** ਅੰਡੇ ਰਾਂਹੀ ਅਤੇ ਇੱਕ ਦੂਸਰੇ ਦੇ ਰਾਂਹੀ ਵੀ ਫੈਲ ਸਕਦੀ ਹੈ।



ਮੁਰਗੀਆਂ ਦਾ ਕਮਜ਼ੋਰ ਹੋਣਾ



ਜਿਗਰ ਦੇ ਵਿੱਚ ਫੋੜਾ



ਅੰਦਰੂਨੀ ਅੰਗਾਂ ਵਿੱਚ ਫੋੜਾ



ਜਿਗਰ ਦਾ ਸਾਇਜ਼ ਵੱਡਾ ਹੋਣਾ



ਸ਼ਰੀਰ ਦੇ ਅੰਦਰ ਹਰ ਅੰਗ ਵਿੱਚ ਫੋੜਾ ਹੋਣਾ

**ਡਾ. ਨਿਤਿਨ ਦੇਵ ਸਿੰਘ ਅਤੇ ਡਾ. ਐਲ ਗੀਤਾ ਦੇਵੀ**